Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 12 10/05/2025 www.samajweekly.com samajweekly @samajweekly samajweekly

ਜੰਮੂ, ਸਾਂਬਾ, ਪਠਾਨਕੋਟ ਤੇ ਫ਼ਿਰੋਜ਼ਪੁਰ ਵਿਚ ਡਰੋਨ ਫੁੰਡੇ, ਕਈ ਥਾਈਂ ਧਮਾਕਿਆਂ ਦੀ ਆਵਾਜ਼ ਸੁਣੀ

ਫਿਰੋਜ਼ਪੁਰ, ਪਠਾਨਕੋਟ, ਅੰਮ੍ਰਿਤਸਰ ਅਤੇ ਹੁਸ਼ਿਆਰਪੁਰ ਸਮੇਤ ਪੰਜਾਬ 'ਚ ਕਈ ਥਾਈਂ ਬਲੈਕਆਊਟ, ਸਾਇਰਨ ਵੱਜੇ

ਜੰਮੂ/ਸ੍ਰੀਨਗਰ/ਚੰਡੀਗੜ੍ਹ। ਜੰਮੂ ਸ਼ਹਿਰ ਸ਼ੁੱਕਰਵਾਰ ਨੂੰ ਖੇਤਰ ਵਿੱਚ ਧਮਾਕਿਆਂ ਦੀ ਆਵਾਜ਼ ਸੁਣਾਈ ਦੇਣ ਤੇ ਸਾਇਰਨ ਵੱਜਣ ਮਗਰੋਂ ਹਨੇਰੇ ਵਿੱਚ ਡੁੱਬ ਗਿਆ। ਰੱਖਿਆ ਅਧਿਕਾਰੀਆਂ ਨੇ ਕਿਹਾ ਕਿ ਜੰਮੂ, ਸਾਂਬਾ ਅਤੇ ਪੰਜਾਬ ਦੇ ਗੁਆਂਢੀ ਪਠਾਨਕੋਟ ਜ਼ਿਲ੍ਹੇ ਵਿੱਚ ਵੀ ਡਰੋਨ ਦੇਖੇ ਗਏ ਅਤੇ ਉਨ੍ਹਾਂ ਨੂੰ ਬੇਅਸਰ ਕੀਤਾ ਜਾ ਰਿਹਾ ਹੈ। ਉਧਰ ਸ਼ੁੱਕਰਵਾਰ ਸ਼ਾਮ ਨੂੰ ਫਿਰੋਜ਼ਪੁਰ, ਪਠਾਨਕੋਟ, ਅੰਮ੍ਰਿਤਸਰ ਅਤੇ ਹੁਸ਼ਿਆਰਪੁਰ ਸਮੇਤ ਪੰਜਾਬ ਦੇ ਕਈ ਇਲਾਕਿਆਂ ਵਿੱਚ ਬਲੈਕਆਊਟ ਲਾਗੂ ਕਰ ਦਿੱਤਾ ਗਿਆ ਹੈ। ਪਠਾਨਕੋਟ ਅਤੇ ਫਿਰੋਜ਼ਪੁਰ ਜ਼ਿਲ੍ਹਿਆਂ ਵਿੱਚ ਜ਼ੋਰਦਾਰ ਧਮਾਕਿਆਂ ਦੀ ਆਵਾਜ਼ ਵੀ ਸੁਣਾਈ ਦਿੱਤੀ। ਪਰ ਆਵਾਜ਼ਾਂ ਦੇ ਕਾਰਨਾਂ ਬਾਰੇ ਕੋਈ ਅਧਿਕਾਰਤ ਪੁਸ਼ਟੀ ਨਹੀਂ ਹੋਈ।

ਅਧਿਕਾਰਤ ਸੂਤਰਾਂ ਨੇ ਦੱਸਿਆ ਕਿ ਫਿਰੋਜ਼ਪੁਰ, ਪਠਾਨਕੋਟ, ਅੰਮ੍ਰਿਤਸਰ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਵਿੱਚ ਹਵਾਈ ਹਮਲੇ ਦੇ ਸਾਇਰਨ ਵਜਾਏ ਗਏ ਹਨ। ਉਧਰ ਸ੍ਰੀਨਗਰ ਵਿੱਚ ਮਸਜਿਦਾਂ ਦੇ ਲਾਊਡਸਪੀਕਰਾਂ ਤੋਂ ਸਥਾਨਕ ਲੋਕਾਂ ਨੂੰ ਸਾਵਧਾਨੀ ਵਜੋਂ ਆਪਣੀਆਂ ਲਾਈਟਾਂ ਬੰਦ ਕਰਨ ਲਈ ਕਿਹਾ ਗਿਆ ਹੈ। ਦੱਖਣੀ ਕਸ਼ਮੀਰ ਵਿੱਚ ਅਵੰਤੀਪੋਰਾ ਹਵਾਈ ਅੱਡੇ ਦੇ ਆਲੇ ਦੁਆਲੇ ਦੇ ਇਲਾਕਿਆਂ ਵਿੱਚ ਧਮਾਕੇ ਸੁਣੇ ਗਏ ਹਨ। ਪਾਕਿਸਤਾਨੀ ਫੌਜ ਵੱਲੋਂ ਡਰੋਨ ਅਤੇ ਮਿਜ਼ਾਈਲਾਂ ਦੀ ਵਰਤੋਂ ਕਰਕੇ ਭਾਰਤੀ ਫੌਜੀ ਟਿਕਾਣਿਆਂ 'ਤੇ ਹਮਲੇ ਦੀਆਂ ਨਾਕਾਮ ਕੋਸ਼ਿਸ਼ਾਂ ਤੋਂ ਇੱਕ ਦਿਨ ਬਾਅਦ ਡਰੋਨ ਦੇਖੇ ਗਏ ਹਨ। ਅਧਿਕਾਰੀਆਂ ਨੇ ਕਿਹਾ ਕਿ ਡਰੋਨ ਜੰਮੂ ਅਤੇ ਪੰਜਾਬ ਦੇ ਊਧਮਪੁਰ ਅਤੇ ਨਗਰੋਟਾ ਵਿੱਚ ਵੀ ਦੇਖੇ ਗਏ ਹਨ। ਇਸੇ ਦੌਰਾਨ ਜੰਮੂ ਅਤੇ ਸਾਂਬਾ ਜ਼ਿਲ੍ਹਿਆਂ ਦੇ ਸੁਚੇਤਗੜ੍ਹ ਅਤੇ ਰਾਮਗੜ੍ਹ ਸੈਕਟਰਾਂ ਵਿੱਚ ਕੌਮਾਂਤਰੀ ਸਰਹੱਦ 'ਤੇ ਸਰਹੱਦ ਪਾਰੋਂ ਭਾਰੀ ਗੋਲੀਬਾਰੀ ਦੀਆਂ ਰਿਪੋਰਟਾਂ ਹਨ। ਸੂਤਰਾਂ ਨੇ ਕਿਹਾ ਕਿ ਜੰਮੂ ਖੇਤਰ ਵੱਲ ਸੇਧਿਤ ਸਾਰੇ 'ਸਸਤੇ' ਰਾਕੇਟਾਂ ਨੂੰ ਹਵਾਈ ਰੱਖਿਆ ਇਕਾਈਆਂ ਦੁਆਰਾ ਸਫਲਤਾਪੂਰਵਕ ਰੋਕਿਆ ਗਿਆ ਅਤੇ ਬੇਅਸਰ ਕਰ ਦਿੱਤਾ ਗਿਆ। ਮਿਜ਼ਾਈਲਾਂ ਦਾ ਨਿਸ਼ਾਨਾ ਸਤਵਾਰੀ (ਜੰਮੂ ਹਵਾਈ ਅੱਡਾ), ਸਾਂਬਾ, ਆਰਐਸ ਪੁਰਾ ਅਤੇ ਅਰਨੀਆ ਸਮੇਤ ਮੁੱਖ ਟਿਕਾਣੇ ਸਨ। ਉਧਰ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਐਕਸ 'ਤੇ ਇਕ ਪੋਸਟ ਵਿਚ ਕਿਹਾ, ''ਰੁਕ-ਰੁਕ ਕੇ ਧਮਾਕਿਆਂ ਦੀਆਂ ਆਵਾਜ਼ਾਂ, ਸ਼ਾਇਦ ਭਾਰੀ ਤੋਪਖਾਨੇ, ਹੁਣ ਮੇਰੇ ਸਥਾਨ ਤੋਂ ਸੁਣੀਆਂ ਜਾ ਸਕਦੀਆਂ ਹਨ।'' ਅਬਦੁੱਲਾ ਨੇ ਹਨੇਰੇ ਵਿੱਚ ਡੁੱਬੇ ਸ਼ਹਿਰ ਦੀ ਇੱਕ ਤਸਵੀਰ ਵੀ ਪੋਸਟ ਕੀਤੀ, ਜਿਸ ਦੇ ਕੈਪਸ਼ਨ ਵਿੱਚ ਲਿਖਿਆ ਸੀ, ''ਜੰਮੂ ਵਿੱਚ ਹੁਣ ਬਲੈਕਆਊਟ। ਸ਼ਹਿਰ ਭਰ ਵਿੱਚ ਸਾਇਰਨ ਸੁਣਾਈ ਦੇ ਰਹੇ ਹਨ।''

ਉਨ੍ਹਾਂ ਨੇ ਇੱਕ ਹੋਰ ਪੋਸਟ ਵਿੱਚ ਕਿਹਾ, ''ਜੰਮੂ ਅਤੇ ਆਲੇ-ਦੁਆਲੇ ਦੇ ਲੋਕਾਂ ਨੂੰ ਮੇਰੀ ਦਿਲੋਂ ਅਪੀਲ ਹੈ ਕਿ ਕ੍ਰਿਪਾ ਕਰਕੇ ਅਗਲੇ ਕੁਝ ਘੰਟਿਆਂ ਲਈ ਸੜਕਾਂ ਤੋਂ ਦੂਰ ਰਹੋ, ਘਰ ਵਿੱਚ ਰਹੋ ਜਾਂ ਨਜ਼ਦੀਕੀ ਜਗ੍ਹਾ 'ਤੇ ਰਹੋ ਜਿੱਥੇ ਤੁਸੀਂ ਆਰਾਮ ਨਾਲ ਰਹਿ ਸਕਦੇ ਹੋ। ਅਫਵਾਹਾਂ ਨੂੰ ਨਜ਼ਰਅੰਦਾਜ਼ ਕਰੋ, ਬੇਬੁਨਿਆਦ ਜਾਂ ਅਪੁਸ਼ਟ ਕਹਾਣੀਆਂ ਨਾ ਫੈਲਾਓ ਅਤੇ ਅਸੀਂ ਇਕੱਠੇ ਇਸ ਵਿੱਚੋਂ ਲੰਘਾਂਗੇ।

ਮੁੱਖ ਮੰਤਰੀ ਨੇ ਕੈਬਨਿਟ ਮੰਤਰੀਆਂ ਨੂੰ ਸੰਵੇਦਨਸ਼ੀਲ ਇਲਾਕਿਆਂ ਵਿੱਚ ਡੇਰਾ ਲਾਉਣ ਦੇ ਆਦੇਸ਼ ਦਿੱਤੇ

ਚੰਡੀਗੜ੍ਹ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕੈਬਨਿਟ ਮੰਤਰੀਆਂ ਨੂੰ ਸਰਹੱਦੀ ਖੇਤਰਾਂ ਵਿੱਚ ਪੱਕੇ ਤੌਰ 'ਤੇ ਡੇਰਾ ਲਾਉਣ ਦੇ ਆਦੇਸ਼ ਦਿੱਤੇ ਹਨ ਤਾਂ ਕਿ ਸੂਬੇ ਵਿੱਚ ਪੈਦਾ ਹੋਈ ਜੰਗ ਵਰਗੀ ਸਥਿਤੀ ਦੌਰਾਨ ਸੂਬੇ ਦੇ ਵਸਨੀਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਔਕੜ ਦਾ ਸਾਹਮਣਾ ਨਾ ਕਰਨਾ ਪਵੇ। ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਸਰਹੱਦੀ ਖੇਤਰਾਂ ਦੇ ਮੰਤਰੀਆਂ ਨੂੰ ਰਾਹਤ ਕਾਰਜਾਂ ਦੀ ਨਿਗਰਾਨੀ ਲਈ ਆਪੋ-ਆਪਣੇ ਇਲਾਕਿਆਂ ਵਿੱਚ ਸਥਾਈ ਤੌਰ 'ਤੇ ਤਾਇਨਾਤ ਰਹਿਣ ਲਈ ਕਿਹਾ। ਉਨ੍ਹਾਂ ਕਿਹਾ ਕਿ ਹੋਰ ਮੰਤਰੀਆਂ ਨੂੰ ਵੀ ਰੋਟੇਸ਼ਨ (ਵਾਰੋ-ਵਾਰੀ) ਦੇ ਆਧਾਰ 'ਤੇ ਇਨ੍ਹਾਂ ਇਲਾਕਿਆਂ ਦਾ ਦੌਰਾ ਕਰਨਾ ਚਾਹੀਦਾ ਹੈ ਤਾਂ ਜੋ ਹੰਗਾਮੀ ਸਥਿਤੀ ਵਿੱਚ ਲੋਕਾਂ ਨੂੰ ਮਦਦ ਦਾ ਭਰੋਸਾ ਦਿੱਤਾ ਜਾ ਸਕੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਮੰਤਰੀ ਫਾਇਰ ਸਟੇਸ਼ਨਾਂ, ਹਸਪਤਾਲਾਂ, ਰਾਸ਼ਨ ਡਿਪੂਆਂ ਅਤੇ ਹੋਰ ਥਾਵਾਂ ਦਾ ਦੌਰਾ ਕਰਨਗੇ ਤਾਂ ਜੋ ਇਨ੍ਹਾਂ ਖੇਤਰਾਂ ਦੇ ਲੋਕਾਂ ਨੂੰ ਕਿਸੇ ਵੀ ਕਿਸਮ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ। ਮੁੱਖ ਮੰਤਰੀ ਨੇ ਕਿਹਾ ਕਿ ਸਰਹੱਦੀ ਖੇਤਰਾਂ ਨਾਲ ਸਬੰਧਤ ਕੈਬਨਿਟ ਮੰਤਰੀ ਬਚਾਅ ਕਾਰਜਾਂ ਦੀ ਨਿਗਰਾਨੀ ਕਰਨਗੇ ਅਤੇ ਅਧਿਕਾਰੀਆਂ ਨੂੰ ਜ਼ਰੂਰੀ ਦਿਸ਼ਾ-ਨਿਰਦੇਸ਼ ਦੇਣਗੇ। ਇਸੇ ਤਰ੍ਹਾਂ ਉਨ੍ਹਾਂ ਕਿਹਾ ਕਿ ਮੰਤਰੀ ਸਰਹੱਦੀ ਖੇਤਰਾਂ ਦੇ ਪਿੰਡਾਂ ਦਾ ਦੌਰਾ ਕਰਕੇ ਲੋਕਾਂ ਦੀਆਂ ਸਮੱਸਿਆਵਾਂ ਸੁਣਨਗੇ ਅਤੇ ਉਨ੍ਹਾਂ ਦੇ ਹੱਲ ਨੂੰ ਯਕੀਨੀ ਬਣਾਉਣਗੇ। ਭਗਵੰਤ ਸਿੰਘ

ਮਾਨ ਨੇ ਕਿਹਾ ਕਿ ਇਹ ਸਮੇਂ ਦੀ ਲੋੜ ਹੈ ਕਿ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਲੋਕਾਂ ਨੂੰ ਔਖੀ ਘੜੀ ਵਿੱਚ ਕੋਈ ਮੁਸ਼ਕਲ ਨਾ ਆਵੇ। ਮੁੱਖ ਮੰਤਰੀ ਨੇ ਕਿਹਾ ਕਿ ਸਰਹੱਦ 'ਤੇ ਵਧ ਰਹੇ ਤਣਾਅ ਨੂੰ ਧਿਆਨ ਵਿੱਚ ਰੱਖਦੇ ਹੋਏ ਸੂਬਾ ਸਰਕਾਰ ਲੋਕਾਂ ਨੂੰ ਰਾਹਤ ਪ੍ਰਦਾਨ ਕਰਨ ਲਈ ਵਚਨਬੱਧ ਹੈ। ਸਰਹੱਦੀ ਖੇਤਰ ਦੇ ਵਸਨੀਕਾਂ ਨਾਲ ਭਾਵੁਕ ਸਾਂਝ ਪਾਉਂਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਪੂਰਾ ਦੇਸ਼ ਉਨ੍ਹਾਂ ਦਾ ਰਿਣੀ ਹੈ ਕਿ ਉਨ੍ਹਾਂ ਨੇ ਸੂਬੇ ਦੇ ਸਰਹੱਦੀ ਇਲਾਕੇ ਵਿੱਚ ਰਹਿੰਦਿਆਂ ਬਹੁਤ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕੀਤਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਰਹੱਦੀ ਖੇਤਰ ਦੇ ਬਹਾਦਰ ਲੋਕਾਂ ਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਦੌਰਾਨ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਜੰਗ ਦੇ ਲਗਾਤਾਰ ਖ਼ਤਰੇ ਕਾਰਨ ਇਹ ਖੇਤਰ ਵਿਕਾਸ ਵਿੱਚ ਪੱਛੜ ਗਿਆ ਪਰ ਫਿਰ ਵੀ ਇਸ ਖੇਤਰ ਦੇ ਬਹਾਦਰ ਵਸਨੀਕਾਂ ਨੇ ਦੇਸ਼ ਦੀ ਸਮਾਜਿਕ-ਆਰਥਿਕ ਤਰੱਕੀ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ ਹੈ। ਉਨ੍ਹਾਂ ਕਿਹਾ ਕਿ ਨਾ ਸਿਰਫ਼ ਸੂਬਾ ਸਗੋਂ ਪੂਰਾ ਦੇਸ਼ ਇਨ੍ਹਾਂ ਲੋਕਾਂ ਦੀ ਹਿੰਮਤ, ਜਜ਼ਬੇ ਅਤੇ ਦੇਸ਼ ਭਗਤੀ ਲਈ ਰਿਣੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਦਰਮਿਆਨ ਵਧ ਰਹੇ ਤਣਾਅ ਦੇ ਮੱਦੇਨਜ਼ਰ ਸੂਬਾ ਸਰਕਾਰ ਇਨ੍ਹਾਂ ਲੋਕਾਂ ਦੀ ਮਦਦ ਕਰਨ ਲਈ ਵਚਨਬੱਧ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਹ ਸੂਬਾ ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਹ ਸੰਕਟ ਦੀ ਇਸ ਘੜੀ ਵਿੱਚ ਸੂਬੇ ਦੇ ਸਰਹੱਦੀ ਇਲਾਕਿਆਂ ਦੇ ਲੋਕਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀਆਂ ਦੁੱਖ-ਤਕਲੀਫਾਂ ਸੁਣੇ। ਲੋਕਾਂ ਨੂੰ ਪੂਰਨ ਸਹਿਯੋਗ ਦਾ ਭਰੋਸਾ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਹਰ ਕੀਮਤ 'ਤੇ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਲਈ ਚੁਕਵਾਂ ਕਦਮ ਚੁੱਕੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਰਹੱਦੀ ਖੇਤਰ ਦੇ ਵਾਸੀ ਸੱਚੇ ਦੇਸ਼ ਭਗਤ ਹਨ ਅਤੇ ਸੂਬਾ ਸਰਕਾਰ ਸੰਕਟ ਦੀ ਇਸ ਘੜੀ ਵਿੱਚ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਜ਼ਰੂਰੀ ਵਸਤਾਂ ਦੀ ਕੋਈ ਕਮੀ ਨਹੀਂ ਹੈ, ਇਸ ਲਈ ਘਬਰਾਹਟ ਦੀ ਸਥਿਤੀ ਪੈਦਾ ਹੋਣ ਤੋਂ ਬਚਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜਮ੍ਹਾਂਖੋਰੀ ਨਾਲ ਕਮੀ ਪੈਦਾ ਕਰਨ ਵਾਲੇ ਕਿਸੇ ਵੀ ਵਿਅਕਤੀ ਨਾਲ ਸਖ਼ਤੀ ਨਾਲ ਨਜਿੱਠਿਆ ਜਾਣਾ ਚਾਹੀਦਾ ਹੈ ਤਾਂ ਜੋ ਲੋਕਾਂ ਨੂੰ ਕੋਈ ਮੁਸ਼ਕਲ ਨਾ ਆਵੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਮੰਤਰੀਆਂ ਦੇ ਨਾਲ-ਨਾਲ ਪ੍ਰਬੰਧਕੀ ਸਕੱਤਰ ਰੈਂਕ ਦੇ ਅਧਿਕਾਰੀ ਵੀ ਸਰਹੱਦੀ ਖੇਤਰਾਂ ਵਿੱਚ ਤਾਇਨਾਤ ਕੀਤੇ ਜਾਣਗੇ।

ਸਰਕਾਰ ਵੱਲੋਂ ਵਪਾਰੀਆਂ ਨੂੰ ਜ਼ਰੂਰੀ ਵਸਤਾਂ ਦੀ ਜ਼ਖ਼ੀਰੇਬਾਜ਼ੀ ਖ਼ਿਲਾਫ਼ ਚੇਤਾਵਨੀ, ਕਿਹਾ ਭਰਵਾਂ ਸਟਾਕ ਉਪਲਬਧ

ਨਵੀਂ ਦਿੱਲੀ। ਭਾਰਤ ਅਤੇ ਪਾਕਿਸਤਾਨ ਵਿਚਕਾਰ ਵਧਦੇ ਤਣਾਅ ਦੇ ਵਿਚਕਾਰ, ਕੇਂਦਰੀ ਖੁਰਾਕ ਅਤੇ ਖ਼ਪਤਕਾਰ ਮਾਮਲਿਆਂ ਦੇ ਮੰਤਰੀ ਪ੍ਰਹਿਲਾਦ ਜੋਸ਼ੀ ਨੇ ਸ਼ੁੱਕਰਵਾਰ ਨੂੰ ਵਪਾਰੀਆਂ, ਥੋਕ ਵਿਕਰੇਤਾਵਾਂ ਅਤੇ ਪਰਚੂਨ ਵਿਕਰੇਤਾਵਾਂ ਨੂੰ ਜ਼ਰੂਰੀ ਖਾਣ-ਪੀਣ ਦੀਆਂ ਵਸਤਾਂ ਦੀ ਜਮ੍ਹਾਂਖੋਰੀ ਵਿਰੁੱਧ ਚੇਤਾਵਨੀ ਦਿੱਤੀ ਹੈ ਅਤੇ ਜ਼ੋਰ ਦੇ ਕੇ ਕਿਹਾ ਕਿ ਸਰਕਾਰ ਕੋਲ ਜ਼ਰੂਰੀ ਚੀਜ਼ਾਂ ਦਾ ਭਰਵਾਂ ਸਟਾਕ ਹੈ। ਸ਼੍ਰੀ ਜੋਸ਼ੀ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਕਿਹਾ, ''ਦੇਸ਼ ਵਿੱਚ ਭੋਜਨ ਦੇ ਭੰਡਾਰਾਂ ਸਬੰਧੀ ਪ੍ਰਚਾਰ ਸੰਦੇਸ਼ਾਂ 'ਤੇ ਵਿਸ਼ਵਾਸ ਨਾ ਕਰੋ। ਸਾਡੇ ਕੋਲ ਲੋੜੀਂਦੇ ਮਾਪਦੰਡਾਂ ਤੋਂ ਕਿਤੇ ਵੱਧ ਭੋਜਨ ਦਾ ਭੰਡਾਰ ਹੈ। ਅਜਿਹੇ ਸੰਦੇਸ਼ਾਂ ਵੱਲ ਧਿਆਨ ਨਾ ਦਿਓ।'' ਉਨ੍ਹਾਂ ਕਿਹਾ, ''ਵਪਾਰੀਆਂ, ਥੋਕ ਵਿਕਰੇਤਾਵਾਂ, ਪਰਚੂਨ ਵਿਕਰੇਤਾਵਾਂ ਜਾਂ ਵਪਾਰਕ ਸੰਸਥਾਵਾਂ ਜੋ ਜ਼ਰੂਰੀ ਵਸਤੂਆਂ ਦੇ ਵਪਾਰ ਵਿੱਚ ਸ਼ਾਮਲ ਹਨ, ਨੂੰ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਸਹਿਯੋਗ ਦੇਣ ਦੇ ਹੁਕਮ ਦਿੱਤੇ ਗਏ ਹਨ। ਜਮ੍ਹਾਂਖੋਰੀ ਜਾਂ ਜ਼ਖ਼ੀਰੇਬਾਜ਼ੀ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ 'ਤੇ

ਜ਼ਰੂਰੀ ਵਸਤੂਆਂ ਐਕਟ ਦੀਆਂ ਸਬੰਧਤ ਧਾਰਾਵਾਂ ਤਹਿਤ ਮੁਕੱਦਮਾ ਚਲਾਇਆ ਜਾਵੇਗਾ।'' ਗ਼ੌਰਤਲਬ ਹੈ ਕਿ ਭਾਰਤ ਨੇ ਬੁੱਧਵਾਰ ਨੂੰ ਪਾਕਿਸਤਾਨ ਮਕਬੂਜ਼ਾ ਕਸ਼ਮੀਰ ਅਤੇ ਪਾਕਿਸਤਾਨ ਵਿੱਚ ਨੌਂ ਥਾਵਾਂ 'ਤੇ ਹਮਲਾ ਕੀਤਾ ਸੀ, ਜੋ ਕਿ ਦੋ ਹਫ਼ਤੇ ਪਹਿਲਾਂ ਪਹਿਲਗਾਮ ਵਿੱਚ ਹੋਏ ਇੱਕ ਘਾਤਕ ਅੱਤਵਾਦੀ ਹਮਲੇ ਦੇ ਬਦਲੇ ਵਿੱਚ ਕੀਤੀ ਗਈ ਕਾਰਵਾਈ ਸੀ। ਵੀਰਵਾਰ ਨੂੰ ਵੀ, ਜੋਸ਼ੀ ਨੇ ਲੋਕਾਂ ਨੂੰ ਜ਼ਰੂਰੀ ਚੀਜ਼ਾਂ ਨੂੰ ਇਕੱਠੀਆਂ ਕਰਨ ਦੀ ਜ਼ਰੂਰਤ ਬਾਰੇ ਅਫਵਾਹਾਂ ਵੱਲ ਧਿਆਨ ਨਾ ਦੇਣ ਦੀ ਅਪੀਲ ਕੀਤੀ ਸੀ। ਉਨ੍ਹਾਂ ਉਦੋਂ ਵੀ ਸਾਫ਼ ਕੀਤਾ ਸੀ ਕਿ ਦੇਸ਼ ਵਿੱਚ ਸਾਰੀਆਂ ਜ਼ਰੂਰੀ ਚੀਜ਼ਾਂ ਦਾ ਲੋੜ ਤੋਂ ਵੱਧ ਸਟਾਕ ਹੈ। ਉਨ੍ਹਾਂ ਕਿਹਾ ਸੀ, ''ਦੇਸ਼ ਦੇ ਕੁਝ ਹਿੱਸਿਆਂ ਵਿੱਚ ਅਫਵਾਹਾਂ ਫੈਲ ਰਹੀਆਂ ਹਨ, ਜਿਸ ਕਾਰਨ ਲੋਕ ਜ਼ਰੂਰੀ ਖਾਣ-ਪੀਣ ਦੀਆਂ ਚੀਜ਼ਾਂ ਅਤੇ ਹੋਰ ਰੋਜ਼ਾਨਾ ਲੋੜਾਂ ਨੂੰ ਇਕੱਠਾ ਕਰਨ ਲਈ ਭੱਜ ਰਹੇ ਹਨ।'' ਮੰਤਰੀ ਨੇ ਸਪੱਸ਼ਟ ਤੌਰ 'ਤੇ ਕਿਹਾ ਸੀ, ''ਸਾਡੇ ਕੋਲ ਦੇਸ਼ ਭਰ ਵਿੱਚ ਲੋੜੀਂਦੀ ਹਰ ਚੀਜ਼ ਦਾ ਕਾਫ਼ੀ ਜ਼ਿਆਦਾ ਸਟਾਕ ਹੈ''।

26/11 ਮੁੰਬਈ ਹਮਲੇ ਦਾ ਮੁਲਜ਼ਮ ਤਹੱਵੁਰ ਰਾਣਾ ਤਿਹਾੜ ਜੇਲ੍ਹ 'ਚ ਤਬਦੀਲ

ਨਵੀਂ ਦਿੱਲੀ। 26/11 ਮੁੰਬਈ ਹਮਲੇ ਦੇ ਮੁਲਜ਼ਮ ਤਹੱਵੁਰ ਰਾਣਾ ਨੂੰ ਸ਼ੁੱਕਰਵਾਰ ਸ਼ਾਮੀਂ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਤਿਹਾਰ ਜੇਲ੍ਹ ਲਿਜਾਇਆ ਗਿਆ। ਇਸ ਤੋਂ ਪਹਿਲਾਂ ਅੱਜ ਦਿਨੇਂ ਦਿੱਲੀ ਕੋਰਟ ਨੇ ਰਾਣਾ ਨੂੰ ਨਿਆਂਇਕ ਹਿਰਾਸਤ ਵਿਚ ਭੇਜ ਦਿੱਤਾ। ਰਾਣਾ ਨੂੰ ਐੱਨਆਈਏ ਹਿਰਾਸਤ ਦੀ ਮਿਆਦ ਮੁੱਕਣ ਤੋਂ ਇਕ ਦਿਨ ਪਹਿਲਾਂ ਕੌਮੀ ਜਾਂਚ ਏਜੰਸੀ ਦੇ ਜੱਜ ਚੰਦਰ ਜੀਤ ਸਿੰਘ ਕੋਲ ਪੇਸ਼ ਕੀਤਾ ਗਿਆ ਸੀ। ਸੂਤਰ ਨੇ ਕਿਹਾ, ''ਨਿਆਂਇਕ ਹਿਰਾਸਤ ਵਿਚ ਭੇਜਣ ਮਗਰੋਂ ਰਾਣਾ ਨੂੰ ਤਿਹਾੜ ਜੇਲ੍ਹ ਲਿਜਾਇਆ ਗਿਆ। ਉਸ ਦੀ ਜੇਲ੍ਹ ਵਿਚ ਆਮਦ ਮੌਕੇ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ। ਉਸ ਨੂੰ ਜੇਲ੍ਹ ਦੀ ਉੱਚ ਸੁਰੱਖਿਆ ਜ਼ੋਨ ਵਿਚ ਰੱਖਿਆ ਜਾਵੇਗਾ।'' 26/11 ਮੁੰਬਈ ਹਮਲੇ ਦੇ ਮੁੱਖ ਸਾਜ਼ਿਸ਼ਘਾੜੇ ਡੇਵਿਡ ਕੋਲੇਮਨ ਹੈਡਲੀ ਉਰਫ ਦਾਊਦ ਗਿਲਾਨੀ ਦੇ ਨੇੜਲੇ ਰਾਣਾ ਨੂੰ ਪਿਛਲੇ ਮਹੀਨੇ ਅਮਰੀਕਾ ਤੋਂ ਭਾਰਤ ਲਿਆਂਦਾ ਗਿਆ ਸੀ। ਅਮਰੀਕੀ ਸੁਪਰੀਮ ਕੋਰਟ ਨੇ ਪਿਛਲੇ ਸਾਲ

4 ਅਪਰੈਲ ਨੂੰ ਰਾਣਾ ਦੀ ਭਾਰਤ ਨੂੰ ਹਵਾਲਗੀ ਸਬੰਧੀ ਨਜ਼ਰਸਾਨੀ ਪਟੀਸ਼ਨ ਰੱਦ ਕਰ ਦਿੱਤੀ ਸੀ, ਜਿਸ ਨਾਲ ਰਾਣਾ ਨੂੰ ਭਾਰਤ ਲਿਆਉਣ ਦਾ ਰਾਹ ਪੱਧਰਾ ਹੋ ਗਿਆ ਸੀ।

ਈਡੀ ਨੇ ਤਾਮਿਲਨਾਡੂ 'ਚ ਵੱਡੇ ਭ੍ਰਿਸ਼ਟਾਚਾਰ ਨੈੱਟਵਰਕ ਦਾ ਲਗਾਇਆ ਦੋਸ਼, 4.73 ਕਰੋੜ ਰੁਪਏ ਕੀਤੇ ਜ਼ਬਤ

ਨਵੀਂ ਦਿਲੀ। ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਦੇ ਚੇਨਈ ਜ਼ੋਨਲ ਦਫ਼ਤਰ ਨੇ ਚੇਨਈ ਅਤੇ ਵੇਲੋਰ ਵਿੱਚ ਵਿਆਪਕ ਤਲਾਸ਼ੀ ਮੁਹਿੰਮ ਚਲਾਈ, ਜਿਸ ਵਿੱਚ ਰਾਜ ਦੇ ਵਿਭਾਗਾਂ ਵਿੱਚ ਪ੍ਰਵਾਨਗੀਆਂ ਲਈ ਰਿਸ਼ਵਤ 'ਤੇ ਬਣੇ ਭ੍ਰਿਸ਼ਟਾਚਾਰ ਦੇ ਨੈੱਟਵਰਕ ਦਾ ਪਰਦਾਫਾਸ਼ ਕੀਤਾ ਗਿਆ। ਮਨੀ ਲਾਂਡਰਿੰਗ ਰੋਕਥਾਮ ਐਕਟ (ਪੀਐਮਐਲਏ) 2002 ਦੇ ਤਹਿਤ ਮਾਰੇ ਗਏ ਛਾਪੇਮਾਰੀ ਨੇ ਮੰਗਲਵਾਰ (6 ਮਈ) ਨੂੰ ਇੱਕ ਸੀਨੀਅਰ ਸਰਕਾਰੀ ਅਧਿਕਾਰੀ ਅਤੇ ਕਈ ਉੱਚ-ਪ੍ਰੋਫਾਈਲ ਸਲਾਹਕਾਰਾਂ ਨਾਲ ਜੁੜੇ 16 ਅਹਾਤਿਆਂ ਨੂੰ ਨਿਸ਼ਾਨਾ ਬਣਾਇਆ। ਡੀਵੀਏਸੀ ਦੁਆਰਾ ਐਫਆਈਆਰ ਇਹ ਕਾਰਵਾਈ ਵਿਜੀਲੈਂਸ ਅਤੇ ਭ੍ਰਿਸ਼ਟਾਚਾਰ ਵਿਰੋਧੀ ਡਾਇਰੈਕਟੋਰੇਟ (ਡੀਵੀਏਸੀ) ਦੁਆਰਾ ਤਾਮਿਲਨਾਡੂ ਵਾਤਾਵਰਣ ਵਿਭਾਗ ਦੇ ਸਾਬਕਾ ਸੁਪਰਡੈਂਟ ਐਸ ਪਾਂਡਿਅਨ ਅਤੇ ਹੋਰਾਂ ਵਿਰੁੱਧ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲਿਆਂ ਵਿੱਚ ਕਥਿਤ ਸ਼ਮੂਲੀਅਤ ਲਈ ਦਰਜ ਕੀਤੀ ਗਈ ਐਫਆਈਆਰ ਦੀ ਜਾਂਚ

ਤੋਂ ਬਾਅਦ ਸ਼ੁਰੂ ਕੀਤੀ ਗਈ ਸੀ। ਈਡੀ ਦੇ ਅਨੁਸਾਰ, ਅਧਿਕਾਰੀਆਂ ਨੇ ਇੱਕ ਗੁੰਝਲਦਾਰ ਭ੍ਰਿਸ਼ਟਾਚਾਰ ਯੋਜਨਾ ਦਾ ਪਰਦਾਫਾਸ਼ ਕੀਤਾ ਹੈ ਜਿਸ ਵਿੱਚ ਵੱਖ-ਵੱਖ ਸਰਕਾਰੀ ਵਿਭਾਗਾਂ ਵਿੱਚ ਸੇਵਾ ਕਰਨ ਵਾਲੇ ਕਈ ਸਲਾਹਕਾਰ ਸ਼ਾਮਲ ਹਨ। ਜਾਂਚ ਤੋਂ ਪਤਾ ਲੱਗਿਆ ਹੈ ਕਿ ਦਲਾਲਾਂ ਵਜੋਂ ਕੰਮ ਕਰਨ ਵਾਲੇ ਇਨ੍ਹਾਂ ਸਲਾਹਕਾਰਾਂ ਨੇ ਸੇਵਾ ਫੀਸਾਂ ਅਤੇ ਸਲਾਹਕਾਰੀ ਭੁਗਤਾਨਾਂ ਵਜੋਂ ਰਿਸ਼ਵਤ ਲੈਣ ਲਈ ਸ਼ੈੱਲ ਕੰਪਨੀਆਂ ਅਤੇ ਸਲਾਹਕਾਰ ਫਰਮਾਂ ਸਥਾਪਤ ਕੀਤੀਆਂ। ਈਡੀ ਅਧਿਕਾਰੀ ਨੇ ਕਿਹਾ ਕਿ ਨੈੱਟਵਰਕ ਨੇ ਅਧਿਕਾਰੀਆਂ ਨੂੰ ਦਿੱਤੇ ਗਏ ਨਿਸ਼ਚਿਤ ਕਮਿਸ਼ਨਾਂ ਰਾਹੀਂ ਗਾਹਕਾਂ ਲਈ ਗੈਰ-ਕਾਨੂੰਨੀ ਅਤੇ ਤੇਜ਼ ਪ੍ਰਵਾਨਗੀਆਂ ਪ੍ਰਾਪਤ ਕੀਤੀਆਂ। 'ਸਲਾਹਕਾਰ' ਗੈਰ-ਕਾਨੂੰਨੀ ਪ੍ਰਵਾਨਗੀ ਪ੍ਰਕਿਰਿਆ ਵਿੱਚ ਮੁੱਖ ਸਹੂਲਤਕਰਤਾਵਾਂ ਵਜੋਂ ਪਛਾਣੇ ਗਏ ਪ੍ਰਮੁੱਖ ਸਲਾਹਕਾਰਾਂ ਵਿੱਚ ਪ੍ਰਭਾਕਰ ਸਿਗਾਮੋਨੀ, ਏ.ਕੇ. ਨਾਥਨ, ਨਵੀਨ ਕੁਮਾਰ, ਸੰਤੋਸ਼ ਕੁਮਾਰ ਅਤੇ ਵਿਨੋਥ ਕੁਮਾਰ ਸ਼ਾਮਲ ਹਨ। ਈਡੀ ਦੇ ਤਲਾਸ਼ੀ ਅਭਿਆਨਾਂ ਦੇ ਨਤੀਜੇ ਵਜੋਂ 4.73 ਕਰੋੜ ਰੁਪਏ ਦੀ ਬੇਹਿਸਾਬੀ ਨਕਦੀ ਜ਼ਬਤ ਕੀਤੀ ਗਈ, ਜੋ ਕਿ ਰਿਸ਼ਵਤ ਦੇ ਭੁਗਤਾਨ ਲਈ ਰੱਖੀ ਗਈ ਸੀ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com
ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

ਪੰਜਾਬ ਵਿਚ ਬਲੈਕਆਊਟ ਮੌਕੇ ਬਿਜਲੀ ਦੀ ਮੰਗ ਡਿੱਗੀ



ਚੰਡੀਗੜ੍ਹ। ਭਾਰਤ ਤੇ ਪਾਕਿਸਤਾਨ ਵਿਚ ਜਾਰੀ ਫੌਜੀ ਤਣਾਅ ਦੌਰਾਨ ਲੰਘੀ ਰਾਤ ਪੰਜਾਬ ਭਰ ਵਿਚ ਮੁਕੰਮਲ ਬਲੈਕਆਊਟ ਰਿਹਾ, ਜਿਸ ਕਰਕੇ ਪੰਜਾਬ ਵਿੱਚ ਬਿਜਲੀ ਦੀ ਖਪਤ ਇਕਦਮ ਘੱਟ ਗਈ। ਸਭ ਤੋਂ ਪਹਿਲਾਂ ਜ਼ਿਲ੍ਹਾ ਹੁਸ਼ਿਆਰਪੁਰ 'ਚ 8.30 ਵਜੇ ਬਲੈਕਆਊਟ ਹੋਇਆ। ਰਾਤ 8 ਵਜੇ ਬਿਜਲੀ ਦੀ ਮੰਗ 8013 ਮੈਗਾਵਾਟ ਸੀ ਜੋ ਕੇ ਅੱਧੇ ਘੰਟੇ ਬਾਅਦ ਹੀ 5259 ਮੈਗਾਵਾਟ ਰਹਿ ਗਈ। ਲੰਘੀ ਰਾਤ 10.15 ਵਜੇ 14 ਜ਼ਿਲ੍ਹਿਆਂ 'ਚ ਬਲੈਕਆਊਟ ਹੋ ਗਿਆ ਸੀ ਅਤੇ 11.30 ਵਜੇ ਪੂਰੇ ਪੰਜਾਬ 'ਚ ਬਲੈਕਆਊਟ ਸੀ। ਪੰਜਾਬ ਵਿੱਚ 11.45 ਵਜੇ ਰਾਤ ਬਿਜਲੀ ਦੀ ਮੰਗ ਸਿਰਫ 1361 ਮੈਗਾਵਾਟ ਰਹਿ ਗਈ ਸੀ। ਪਾਵਰਕਾਮ ਨੇ ਸਰਪਲੱਸ ਬਿਜਲੀ ਦਾ ਨਿਬੇੜਾ ਕਰਨ ਲਈ ਕਰੀਬ 2100 ਮੈਗਾਵਾਟ ਬਿਜਲੀ ਸੇਲ ਵੀ ਕੀਤੀ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।
Editor-in-chief : Devinder Chander
Mob: 07878 456 484
ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

ਰਾਬਰਟ ਫਰਾਂਸਿਸ ਪ੍ਰੀਵੋਸਟ ਨਵੇਂ ਪੋਪ ਬਣੇ, ਪੋਪ ਲੀਓ-14 ਵਜੋਂ ਜਾਣੇ ਜਾਣਗੇ

ਵੈਟੀਕਨ। ਵੈਟੀਕਨ ਵਿੱਚ ਪੋਪਲ ਸੰਮੇਲਨ ਦੇ ਦੂਜੇ ਦਿਨ ਅੱਜ ਨਵੇਂ ਪੋਪ ਦੀ ਚੋਣ ਕੀਤੀ ਗਈ। 69 ਸਾਲਾ ਰਾਬਰਟ ਫਰਾਂਸਿਸ ਪ੍ਰੀਵੋਸਟ ਨੂੰ ਨਵੇਂ ਪੋਪ ਵਜੋਂ ਚੁਣਿਆ ਗਿਆ ਹੈ। ਉਹ ਪੋਪ ਬਣਨ ਵਾਲੇ ਅਮਰੀਕਾ ਤੋਂ ਪਹਿਲੇ ਕਾਰਡੀਨਲ ਹਨ। ਉਨ੍ਹਾਂ ਨੇ ਆਪਣੇ ਲਈ ਪੋਪ ਲੀਓ-14 ਨਾਮ ਚੁਣਿਆ ਹੈ। 133 ਕਾਰਡੀਨਲਜ਼ ਨੇ ਵੋਟਿੰਗ ਰਾਹੀਂ ਉਨ੍ਹਾਂ ਨੂੰ ਦੋ-ਤਿਹਾਈ ਬਹੁਮਤ (89 ਵੋਟਾਂ) ਨਾਲ ਪੋਪ ਚੁਣਿਆ। 1900 ਤੋਂ ਬਾਅਦ ਇਹ ਪੰਜਵਾਂ ਮੌਕਾ ਹੈ ਜਦੋਂ ਦੋ ਦਿਨਾਂ ਵਿੱਚ ਇੱਕ ਨਵਾਂ ਪੋਪ ਚੁਣਿਆ ਗਿਆ ਹੈ। ਵੋਟਿੰਗ ਦੇ ਦੂਜੇ ਦਿਨ, ਰੋਮਨ ਕੈਥੋਲਿਕ ਚਰਚ ਦੇ ਸਿਸਟਾਈਨ ਚੈਪਲ ਵਿਖੇ ਸਥਿਤ ਚਿਮਨੀ ਵਿੱਚੋਂ ਚਿੱਟਾ ਧੂੰਆਂ ਨਿਕਲਿਆ, ਜਿਸ ਤੋਂ ਪਤਾ ਲੱਗਦਾ ਹੈ ਕਿ ਨਵਾਂ ਪੋਪ ਚੁਣਿਆ ਗਿਆ ਹੈ। ਜਿਵੇਂ ਹੀ ਨਵੇਂ ਪੋਪ ਦੀ ਚੋਣ ਕੀਤੀ ਗਈ, ਵੈਟੀਕਨ ਵਿੱਚ ਮੌਜੂਦ 45 ਹਜ਼ਾਰ ਤੋਂ ਵੱਧ ਲੋਕਾਂ ਨੇ ਉੱਚੀ-ਉੱਚੀ ਤਾੜੀਆਂ ਮਾਰੀਆਂ ਅਤੇ ਇੱਕ ਦੂਜੇ ਨੂੰ ਵਧਾਈ ਦਿੱਤੀ। ਇਸ ਤੋਂ ਪਹਿਲਾਂ 7 ਮਈ ਨੂੰ ਵੋਟਿੰਗ ਦੇ ਪਹਿਲੇ ਦਿਨ, ਕਿਸੇ ਨੂੰ ਵੀ ਪੋਪ ਨਹੀਂ ਚੁਣਿਆ ਗਿਆ ਸੀ। ਕੱਲ੍ਹ ਸਿਸਟਿਨ ਚੈਪਲ ਵਿਚ ਤੱਕ ਓਪਚਾਰਿਕ ਜਲੂਸ ਅਤੇ ਹਰੇਕ ਕਾਰਡੀਨਲ ਦੁਆਰਾ ਗੁਪਤਤਾ ਦੀ ਸਹੁੰ ਚੁੱਕਣ ਤੋਂ ਬਾਅਦ, ਬੁੱਧਵਾਰ ਰਾਤ ਲਗਭਗ 9:15 ਵਜੇ ਵੋਟਿੰਗ ਦਾ ਪਹਿਲਾ ਦੌਰ ਸ਼ੁਰੂ ਹੋਇਆ ਸੀ।

ਸ਼੍ਰੀਲੰਕਾ ਦੀ ਝੀਲ ਵਿੱਚ ਹਾਦਸਾਗ੍ਰਸਤ ਹੋਇਆ ਹੈਲੀਕਾਪਟਰ, ਛੇ ਫੌਜੀਆਂ ਦੀ ਮੌਤ

ਕੋਲੰਬੋ। ਸ਼੍ਰੀਲੰਕਾ ਵਿੱਚ ਸ਼ੁੱਕਰਵਾਰ ਨੂੰ ਇੱਕ ਫੌਜੀ ਹੈਲੀਕਾਪਟਰ ਇੱਕ ਝੀਲ ਵਿੱਚ ਹਾਦਸਾਗ੍ਰਸਤ ਹੋ ਗਿਆ, ਜਿਸ ਵਿੱਚ ਹਥਿਆਰਬੰਦ ਫ਼ੌਜ ਦੇ 6 ਜਵਾਨ ਮਾਰੇ ਗਏ ਹਨ। ਮ੍ਰਿਤਕਾਂ ਵਿੱਚ ਦੋ ਏਅਰ ਫੋਰਸ ਅਤੇ ਚਾਰ ਸਪੈਸ਼ਲ ਫੋਰਸ ਦੇ ਫ਼ੌਜੀ ਜਵਾਨ ਸ਼ਾਮਿਲ ਹਨ। ਸ਼੍ਰੀਲੰਕਾ ਏਅਰ ਫੋਰਸ ਨੇ ਕਿਹਾ ਕਿ ਹਾਦਸੇ ਦੀ ਜਾਂਚ ਲਈ ਨੌਂ ਮੈਂਬਰੀ ਪੈਨਲ ਨਿਯੁਕਤ ਕੀਤਾ ਗਿਆ ਹੈ। ਇਹ ਜਾਣਕਾਰੀ ਸ਼੍ਰੀਲੰਕਾ ਦੇ ਰੱਖਿਆ ਮੰਤਰਾਲੇ ਨੇ ਦਿੱਤੀ ਹੈ। ਮੰਤਰਾਲੇ ਕਿਹਾ ਕਿ ਸ਼੍ਰੀਲੰਕਾ ਏਅਰ ਫੋਰਸ ਬੈੱਲ 212 ਮਦੁਰੂ ਓਯਾ ਦੇ ਉੱਤਰੀ ਕੇਂਦਰੀ ਖੇਤਰ ਵਿੱਚ ਇਕ ਜਲ ਭੰਡਾਰ ਵਿੱਚ ਹਾਦਸਾਗ੍ਰਸਤ ਹੋ ਗਿਆ। ਉਸ ਵਕਤ ਹੈਲੀਕਾਪਟਰ ਫੌਜ ਦੇ ਸਪੈਸ਼ਲ ਫੋਰਸ ਬ੍ਰਿਗੇਡ ਦੀ ਪਾਸਿੰਗ ਆਊਟ ਪਰੇਡ ਵਿੱਚ ਪ੍ਰਦਰਸ਼ਨ ਲਈ ਜਾ ਰਿਹਾ ਸੀ।

ਪੰਜਾਬ ਦੇ ਬੋਧੀ ਭਾਈਚਾਰੇ ਵੱਲੋਂ ਬੁੱਧ ਪੂਰਨਿਮਾ ਦੀ ਗਜ਼ਟਿਡ ਛੁੱਟੀ ਕਰਵਾਉਣ ਲਈ ਪੰਜਾਬ ਦੇ ਮੁੱਖ ਮੰਤਰੀ ਤੋਂ ਮੰਗ

ਜਲੰਧਰ (ਪਰਮਜੀਤ ਜੱਸਲ)-ਪੰਜਾਬ ਦੇ ਬੋਧੀ ਭਾਈਚਾਰੇ ਦੇ ਆਗੂਆਂ ਐਡਵੋਕੇਟ ਹਰਭਜਨ ਸਾਂਪਲਾ, ਸੀਨੀਅਰ ਬੋਧੀ ਆਗੂ ਹੁਸਨ ਲਾਲ ਬੌਧ, ਚੰਚਲ ਬੌਧ, ਬਲਦੇਵ ਰਾਜ ਜੱਸਲ, ਰਾਮ ਦਾਸ ਗੁਰੂ ਲੁਧਿਆਣਾ, ਐਡਵੋਕੇਟ ਕੁਲਦੀਪ ਭੱਟੀ ਫਗਵਾੜਾ, ਸਤੀਸ਼ ਕੁਮਾਰ ਨਵਾਂ ਸ਼ਹਿਰ,ਮੇਜਰ ਸਿੰਘ ਹੁਸ਼ਿਆਰਪੁਰ, ਬਲਦੇਵ ਰਾਜ ਭਾਰਦਵਾਜ ਅਤੇ ਚਰਨਦਾਸ ਸੰਧੂ ਪ੍ਰਧਾਨ ਡਾਕਟਰ ਅੰਬੇਡਕਰ ਮਿਸ਼ਨ ਸੋਸਾਇਟੀ (ਰਜਿ) ਜਲੰਧਰ ਨੇ ਸਾਂਝੇ ਤੌਰ 'ਤੇ ਬਿਆਨ ਵਿੱਚ ਪੰਜਾਬ ਦੇ ਮੁੱਖ ਮੰਤਰੀ ਤੋਂ ਮੰਗ ਕੀਤੀ ਹੈ ਕਿ ਬੁੱਧ ਪੂਰਨਿਮਾ ਦੀ ਗਜ਼ਟਿਡ ਛੁੱਟੀ ਕੀਤੀ ਜਾਵੇ। ਘੱਟ ਗਿਣਤੀਆਂ ਕਮਿਸ਼ਨ ਵਿੱਚ ਬੋਧੀਆਂ ਨੂੰ ਵੀ ਨੁਮਾਇੰਦਗੀ ਦਿੱਤੀ ਜਾਵੇ। ਯਾਦ ਰਹੇ ਇਹਨਾਂ ਬੋਧੀਆਂ ਵੱਲੋਂ ਪੰਜਾਬ ਦੇ ਕੈਬਨਿਟ ਮੰਤਰੀ ਸ੍ਰੀ ਮਹਿੰਦਰ ਭਗਤ ਜੀ, ਮੈਡਮ ਰਾਜਵਿੰਦਰ ਕੌਰ ਥਿਆੜਾ ਚੇਅਰਮੈਨ ਇੰਪਰੂਵਮੈਂਟ ਟਰੱਸਟ ਜਲੰਧਰ, ਡਾ. ਸੁਖਵਿੰਦਰ ਸੁਖੀ ਵਿਧਾਇਕ , ਸ.ਬਲਕਾਰ ਸਿੰਘ ਵਿਧਾਇਕ ਕਰਤਾਰਪੁਰ,ਡਾ. ਨਛੱਤਰ ਪਾਲ ਬਸਪਾ ਵਿਧਾਇਕ, ਪਵਨ ਕੁਮਾਰ ਟੀਨੂ ਸਾਬਕਾ ਵਿਧਾਇਕ ਅਤੇ ਹੋਰ ਬਹੁਤ ਸਾਰੇ ਵਿਧਾਇਕਾਂ ਨੂੰ ਇਸ ਸਬੰਧੀ ਮੈਮੋਰੰਡਮ ਦੇ ਚੁੱਕੇ ਹਨ। ਉਹਨਾਂ ਨੇ ਭਰੋਸਾ ਦਿਵਾਇਆ ਸੀ ਕਿ ਉਹ ਜਲਦੀ ਹੀ ਇਸ ਮੁੱਦੇ 'ਤੇ ਪੰਜਾਬ ਦੇ ਮੁੱਖ ਮੰਤਰੀ ਸ਼੍ਰੀ ਭਗਵੰਤ ਮਾਨ ਜੀ ਨਾਲ ਗੱਲਬਾਤ ਕਰਨਗੇ। ਇਸ ਤੋਂ ਬਾਅਦ ਇਸ ਸਮੱਸਿਆ ਦਾ ਹੱਲ ਹੋ ਜਾਵੇਗਾ। ਬੋਧੀ ਆਗੂਆਂ ਨੇ ਮੰਗ ਕੀਤੀ ਹੈ ਕਿ ਪੰਜਾਬ ਵਿੱਚ ਬੁੱਧ ਪੂਰਨਿਮਾ ਦੀ ਗਜ਼ਟਿਡ ਛੁੱਟੀ ਕੀਤੀ ਜਾਵੇ।

SHAM LAL CHANDER ID no. 921760

BUILDING MAINTENANCE HANDYMAN (CHECKATRADE)

Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

ਜੰਨਤਾਂ ਜੰਗ ਨਹੀਂ ਅਮਨ ਚਾਉਂਦੀ ਹੈ - ਤਰਸੇਮ ਪੀਟਰ

ਮਹਿਤਪੁਰ (ਹਰਜਿੰਦਰ ਸਿੰਘ ਚੰਦੀ)-ਪੇਂਡੂ ਮਜ਼ਦੂਰ ਯੂਨੀਅਨ ਮਹਿਤਪੁਰ ਇਲਾਕਾ ਕਮੇਟੀ ਦੀ ਮੀਟਿੰਗ ਯੂਨੀਅਨ ਦੇ ਪ੍ਰਧਾਨ ਤਰਸੇਮ ਪੀਟਰ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਪੈਦਾ ਹੋਏ ਜੰਗ ਦੇ ਹਾਲਤਾਂ ਤੇ ਵਿਚਾਰ ਚਰਚਾ ਕਰਦਿਆਂ ਮਹਿਸੂਸ ਕੀਤਾ ਗਿਆ ਕਿ ਦੋਨੋਂ ਮੁਲਕਾਂ ਦੀ ਮਿਹਨਤਕਸ਼ ਜਨਤਾ ਜੰਗ ਨਹੀਂ ਅਮਨ ਚਾਹੁੰਦੀ ਹੈ। ਦੋਨਾਂ ਮੁਲਕਾਂ ਨੂੰ ਆਪਸ ਵਿਚ ਗੱਲਬਾਤ ਰਾਹੀਂ ਮਸਲਿਆਂ ਦਾ ਹੱਲ ਕੱਢਣਾ ਚਾਹੀਦਾ ਹੈ। ਜੰਗ ਦੇ ਪੈਦਾ ਹੋਏ ਹਾਲਾਤ ਨੇ ਲੋਕਾਂ ਵਿਚ ਇਨਾਂ ਡਰ ਪੈਦਾ ਕਰ ਦਿੱਤਾ ਹੈ ਕਿ ਡਰ ਕਾਰਨ ਲੋਕ ਆਪਣੇ ਕਾਰੋਬਾਰਾਂ ਨੂੰ ਸਮੇਟ ਰਹੇ ਹਨ। ਜਿਹੜਾ ਆਉਣ ਵਾਲੇ ਦਿਨਾਂ ਵਿਚ ਵੱਡੇ ਪੱਧਰ ਤੇ ਬੇਰੁਜ਼ਗਾਰੀ ਪੈਦਾ ਕਰੇਗਾ ਤੇ ਕੀਤੀ ਜਾ ਰਹੀ ਜਮਾਂ ਖੋਰੀ ਨਾਲ ਕੀਮਤਾਂ ਅਸਮਾਨੀ ਛੂਹਣ ਗੀਆ। ਉਨ੍ਹਾਂ ਕਿਹਾ ਕਿ ਇਸ ਦਾ ਸਭ ਤੋਂ ਵੱਡਾ ਸੰਤਾਪ ਮਿਹਨਤਕਸ਼ ਜਨਤਾ ਨੂੰ ਝੱਲਣਾ ਪਵੇਗਾ। ਮੀਟਿੰਗ ਤੋਂ ਬਾਅਦ ਪੈਦਾ ਹੋਣ ਵਾਲੇ ਹਾਲਤਾਂ ਨੂੰ ਧਿਆਨ ਵਿਚ ਰੱਖਦਿਆਂ ਪੇਂਡੂ ਮਜ਼ਦੂਰ ਯੂਨੀਅਨ ਦੇ ਵਫਦ ਨੇ ਪ੍ਰਧਾਨ ਕਸ਼ਮੀਰ ਮੰਡਿਆਲਾ, ਵਿਜੇ ਬਾਠ, ਡੈਨੀਅਲ ਸੰਗੋਵਾਲ , ਬਖਸ਼ੋ ਮੰਡਿਆਲਾ, ਸਰਬਜੀਤ ਕੌਰ, ਸੋਮਾ ਰਾਣੀ, ਕੋਮਲ, ਪਰਵੀਨ , ਹਰਵਿੰਦਰ ਕੌਰ, ਸਨੀ, ਕੁਲਵਿੰਦਰ ਕੌਰ ਰੀਨਾ, ਸੰਦੀਪ, ਆਦਿ ਆਗੂਆਂ ਨੇ ਬੀਡੀਪੀਓ ਮੈਡਮ ਨੂੰ ਮਿਲ ਕੇ ਮੰਗ ਕੀਤੀ ਕਿ ਪਿੰਡਾਂ ਅਤੇ ਸਰਕਾਰੀ ਅਦਾਰਿਆਂ ਵਿਚ ਵੱਡੇ ਪੱਧਰ ਦੇ ਉੱਤੇ ਮਨਰੇਗਾ ਰੁਜ਼ਗਾਰ ਪ੍ਰੋਜੈਕਟ ਬਣਾ ਕੇ ਰੁਜ਼ਗਾਰ ਜਿੱਤਾ ਜਾਵੇ। ਮਨਰੇਗਾ ਵਰਕਰਾਂ ਨਾਲ ਕਿਸੇ ਤਰ੍ਹਾਂ ਦਾ ਪੱਖ ਪਾਤ ਨਾ ਕੀਤਾ ਜਾਵੇ।

ਓਰੀਐਂਟ ਸਕੂਲ ਵਿਖੇ ਮੌਕ ਡ੍ਰਿਲ ਕਰਵਾਈ ਗਈ

ਲੁਧਿਆਣਾ (ਕਰਨੈਲ ਸਿੰਘ ਐੱਮ.ਏ.) ਓਰੀਐਂਟ ਸਕੂਲ ਨੇ ਹਾਲ ਹੀ ਵਿੱਚ ਵਿਦਿਆਰਥੀਆਂ ਦੀ ਤਿਆਰੀ ਅਤੇ ਸੁਰੱਖਿਆ ਜਾਗਰੂਕਤਾ ਨੂੰ ਵਧਾਉਣ ਲਈ ਇੱਕ ਸਫਲ ਮੌਕ ਡ੍ਰਿਲ ਕੀਤੀ। ਪ੍ਰਿੰਸੀਪਲ ਲਕਸ਼ਮੀ ਠਾਕੁਰ ਚੌਹਾਨ ਦੀ ਅਗਵਾਈ ਹੇਠ, ਇਹ ਡ੍ਰਿਲ ਐਮਰਜੈਂਸੀ ਪ੍ਰਤੀਕਿਰਿਆ ਅਤੇ ਨਿਕਾਸੀ ਪ੍ਰਕਿਰਿਆਵਾਂ 'ਤੇ ਕੇਂਦ੍ਰਿਤ ਸੀ। ਮਾਰਸ਼ਲ ਆਰਟਸ ਕੋਚ ਸ਼੍ਰੀ ਸੂਰਜ ਕੁਮਾਰ ਨੇ ਵਿਦਿਆਰਥੀਆਂ ਨੂੰ ਸਵੈ-ਰੱਖਿਆ ਤਕਨੀਕਾਂ ਦਾ ਪ੍ਰਦਰਸ਼ਨ ਕੀਤਾ, ਅਨੁਸ਼ਾਸਨ ਅਤੇ ਸੁਰੱਖਿਆ 'ਤੇ ਜ਼ੋਰ ਦਿੱਤਾ। ਚੇਅਰਮੈਨ ਵਿਕਰਮ ਸ਼ਰਮਾ, ਮੈਨੇਜਿੰਗ ਡਾਇਰੈਕਟਰ ਸ਼ਾਰਦਾ ਸ਼ਰਮਾ ਅਤੇ ਸ਼ੁਭਮ ਸ਼ਰਮਾ ਦੇ ਨਾਲ, ਇਸ ਪ੍ਰੋਗਰਾਮ ਦੀ ਨਿਗਰਾਨੀ ਕੀਤੀ। ਮੈਨੇਜਮੈਂਟ ਮੈਂਬਰ ਡਾ: ਸ਼ਰੂਤੀ ਸ਼ਰਮਾ ਨੇ ਵੀ ਸਰਗਰਮੀ ਨਾਲ ਹਿੱਸਾ ਲਿਆ, ਸੰਕਟ ਦੀਆਂ ਸਥਿਤੀਆਂ ਵਿੱਚ ਤਾਲਮੇਲ ਵਾਲੀ ਕਾਰਵਾਈ ਦੀ ਮਹੱਤਤਾ ਨੂੰ ਉਜਾਗਰ ਕੀਤਾ। ਡ੍ਰਿਲ ਇੱਕ ਇੰਟਰਐਕਟਿਵ ਸੈਸ਼ਨ ਨਾਲ ਸਮਾਪਤ ਹੋਈ, ਜਿਸ ਵਿੱਚ ਵਿਦਿਆਰਥੀਆਂ ਦੀ ਭਲਾਈ ਅਤੇ ਆਫ਼ਤ ਦੀ ਤਿਆਰੀ ਪ੍ਰਤੀ ਸਕੂਲ ਦੀ ਵਚਨਬੱਧਤਾ ਨੂੰ ਮਜ਼ਬੂਤ ਕੀਤਾ ਗਿਆ।

ਪਿੰਡ ਖਾਨਪੁਰ ਦੀ ਲੜਕੀ ਦਾ ਘਰੈਲੂ ਕਲੇਸ਼ ਦੇ ਚਲਦਿਆਂ ਪਤੀ ਨੇ ਕੀਤਾ ਕਤਲ

ਪੰਜ ਸਾਲ ਪਹਿਲਾਂ ਹੋਇਆ ਸੀ ਵਿਆਹ

ਫਿਲੌਰ/ਅੱਪਰਾ (ਦੀਪਾ)- ਕਰੀਬੀ ਪਿੰਡ ਖਾਨਪੁਰ ਦੀ ਵਸਨੀਕ ਰਜਨੀ ਬਾਲਾ (24) ਪੁੱਤਰੀ ਮੇਵਾ ਲਾਲ ਜਿਸਦਾ ਵਿਆਹ 5 ਸਾਲ ਪਹਿਲਾਂ ਹੋਇਆ ਸੀ, ਦਾ ਘਰੈਲੂ ਹਿੰਸਾ ਦੇ ਚਲਦਿਆਂ ਉਸਦੇ ਪਤੀ ਵਲੋਂ ਕਤਲ ਕਰ ਦਿੱਤਾ ਗਿਆ । ਇਸ ਸੰਬੰਧ 'ਚ ਜਾਣਕਾਰੀ ਦਿੰਦਿਆਂ ਲੜਕੀ ਦੇ ਪਿਤਾ ਮੇਵਾ ਲਾਲ ਵਾਸੀ ਪਿੰਡ ਖਾਨਪੁਰ ਨੇ ਦੱਸਿਆ ਕਿ ਉਸਦੀ ਲੜਕੀ ਰਜਨੀ ਬਾਲਾ ਦਾ ਵਿਆਹ ਸੂਰਜ ਵਾਸੀ ਮੁਹੱਲਾ ਮਲਾਹ ਫਿਲੌਰ ਨਾਲ ਲਗਭਗ 5 ਸਾਲ ਧਾਰਮਿਕ ਰੀਤੀ ਰਿਵਾਜ਼ਾਂ ਨਾਲ ਹੋਇਆ ਸੀ । ਸੂਰਜ ਨਸ਼ੇ ਕਰਨ ਦਾ ਆਦੀ ਸੀ ਤੇ ਵਿਆਹ ਤੋਂ ਬਾਅਦ ਮੇਰੀ ਲੜਕੀ ਨਾਲ ਅਕਸਰ ਲੜਕੀ ਝਗੜਾ ਕਰਦਾ ਰਹਿੰਦਾ ਸੀ । ਬੀਤੀ ਰਾਤ ਲਗਭਗ 12 ਵਜੇ ਸੂਰਜ ਨੇ ਮੇਰੀ ਲੜਕੀ ਦੀ ਬੁਰੀ ਤਰਾਂ ਕੁੱਟਮਾਰ ਕਰਕੇ ਉਸਨੂੰ ਛੱਤ ਤੋਂ ਹੇਠਾਂ ਸੁੱਟ ਦਿੱਤਾ, ਜਿਸ ਕਾਰਣ ਉਸਦੀ ਮੌਕੇ 'ਤੇ ਹੀ ਮੌਤ ਹੋ ਗਈ । ਇਸ ਸੰਬੰਧ 'ਚ ਜਾਣਕਾਰੀ ਦਿੰਦਿਆਂ ਥਾਣਾ ਮੁਖੀ ਇੰਸਪੈਕਟਰ ਸੰਜੀਵ ਕਪੂਰ ਨੇ ਦੱਸਿਆ ਕਿ ਸਿਵਲ ਹਸਪਤਾਲ ਫਿਲੌਰ ਵਿਖੇ ਮ੍ਰਿਤਕ ਲੜਕੀ ਦਾ ਪੋਸਟਮਾਰਟਮ ਕਰਵਾ ਦਿੱਤਾ ਗਿਆ ਹੈ, ਉਪਰੰਤ ਮ੍ਰਿਤਕ ਲੜਕੀ ਦੇ ਪਰਿਵਾਰਿਕ ਮੈਂਬਰਾਂ ਦੇ ਬਿਆਨਾਂ 'ਤੇ ਮ੍ਰਿਤਕਾ ਦੇ ਪਤੀ ਸੂਰਜ ਦੇ ਖਿਲਾਫ਼ ਕਤਲ ਦਾ ਮੁਕੱਦਮਾ ਦਰਜ ਕਰ ਲਿਆ ਗਿਆ ਹੈ । ਉਨਾਂ ਅੱਗੇ ਕਿਹਾ ਕਿ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ ਤੇ ਜੇਕਰ ਹੋਰ ਕੋਈ ਵੀ ਦੇਸ਼ੀ ਪਾਇਆ ਦਿਆ ਤਾਂ ਉਸ ਨੂੰ ਬਖਸ਼ਿਆਂ ਨਹੀਂ ਜਾਵੇਗਾ ।

ਸਰਕਾਰ ਦੀਆਂ ਹਦਾਇਤਾਂ ਦੀਆਂ ਧੱਜੀਆਂ ਉਡਾਉਂਦਿਆਂ ਪੰਪਾਂ ਤੇ ਜਮਾਂਖੋਰਾਂ ਦੀਆਂ ਲੱਗੀਆਂ ਲਾਈਨਾਂ

ਮਹਿਤਪੁਰ (ਹਰਜਿੰਦਰ ਸਿੰਘ ਚੰਦੀ)- ਪੰਜਾਬ ਦੇ ਮੁੱਖ ਮੰਤਰੀ ਵੱਲੋਂ ਅਜੋਕੇ ਹਲਾਤਾਂ ਨੂੰ ਦੇਖਦਿਆਂ ਜਮਾਂਖੋਰਾਂ ਨੂੰ ਕੀਤੀ ਸਖ਼ਤ ਤਾੜਨਾ ਦਾ ਕੋਈ ਅਸਰ ਹੁੰਦਾ ਦਿਖਾਈ ਨਹੀਂ ਦਿੰਦਾ। ਸਗੋਂ ਇਸ ਦੇ ਉਲਟ ਸਾਰਾ ਦਿਨ ਲੋਕਾਂ ਵੱਲੋਂ ਡੀਜ਼ਲ ਤੇ ਪਟਰੋਲ ਲੈਣ ਲਈ ਲੰਮੀਆਂ ਕਤਾਰਾਂ ਤੇ ਹਫੜਾ ਦਫੜੀ ਦਾ ਮਾਹੌਲ ਦੇਖਣ ਨੂੰ ਮਿਲਿਆ। ਇਸ ਮੌਕੇ ਤੇਲ ਵਿਕਰੇਤਾ ਵੱਲੋਂ ਸਪਸ਼ਟੀਕਰਨ ਦਿੰਦਿਆਂ ਦੱਸਿਆ ਕਿਸਾਨਾ ਨੂੰ ਅਜੇ ਤੇਲ ਦੀ ਜ਼ਰੂਰਤ ਨਹੀਂ ਹੈ ਪਰ ਲੋਕਾਂ ਵੱਲੋਂ ਡੀਜ਼ਲ ਭਰਾ ਭਰਾ ਕੇ ਮਹਿਤਪੁਰ ਦੇ ਪਟਰੋਲ ਪੰਪਾਂ ਤੋਂ ਡੀਜ਼ਲ ਖਤਮ ਕਰ ਦਿੱਤਾ ਹੈ। ਅਤੇ ਪਟਰੋਲ ਵੀ ਖ਼ਤਮ ਹੋਣ ਦੀ ਕਗਾਰ ਤੇ ਹੈ। ਪੰਪ ਵਿਕਰੇਤਾ ਦਾ ਕਹਿਣਾ ਸੀ ਕਿ ਅਸੀਂ ਜਨਤਾ ਨੂੰ ਬਹੁਤ ਸਮਝਾਇਆ ਕਿ ਐਮਰਜੈਂਸੀ ਵਰਗੇ ਹਲਾਤ ਨਾ ਬਣਾਏ ਜਾਣ ਪਰ ਜਨਤਾ ਨਹੀਂ ਹਟ ਰਹੀ । ਇਸ ਮੌਕੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਕੁਲ ਹਿੰਦ ਕਿਸਾਨ ਸਭਾ ਦੇ ਆਗੂ ਸੰਦੀਪ ਅਰੋੜਾ ਨੇ ਕਿਹਾ ਕਿ ਨਾਜ਼ੁਕ ਹਲਾਤਾਂ ਨਾਲ ਨਜਿੱਠਣ ਲਈ ਸਰਕਾਰ ਤੇ ਪ੍ਰਸ਼ਾਸਨ ਨੂੰ ਸਖ਼ਤ ਐਕਸ਼ਨ ਲੈਣ ਦੀ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਪਟਰੋਲ ਪੰਪ ਬੰਦ ਕਰਨ ਜਾ ਤੇਲ ਦੀ ਕਿਰਤ ਸਬੰਧੀ ਕੋਈ ਫੁਰਮਾਨ ਜਾਰੀ ਨਹੀਂ ਹੋਇਆ ਫਿਰ ਲੋਕਾਂ ਵੱਲੋਂ ਅਜਿਹੇ ਹਾਲਾਤ ਕਿਓਂ ਪੈਦਾ ਕੀਤੇ ਜਾ ਰਹੇ ਹਨ । ਇਸ ਮੌਕੇ ਬੀਕੇਯੂ ਪੰਜਾਬ ਦੇ ਕੌਰ ਕਮੇਟੀ ਮੈਂਬਰ ਨਰਿੰਦਰ ਸਿੰਘ ਬਾਜਵਾ ਚਿੰਤਾ ਜ਼ਾਹਰ ਕਰਦਿਆਂ ਆਖਿਆ ਕਿ ਜੇਕਰ ਕਿਸੇ ਨਾਗਰਿਕ ਨੂੰ ਤੇਲ ਦੀ ਐਮਰਜੈਂਸੀ ਪੈ ਜਾਵੇ ਤਾਂ ਉਸਦਾ ਕੀ ਬਣੇਗਾ। ਉਨ੍ਹਾਂ ਕਿਹਾ ਕਿ ਮੌਜੂਦਾ ਹਲਾਤਾਂ ਨੂੰ ਦੇਖਦਿਆਂ ਪੰਜਾਬ ਸਰਕਾਰ ਤੇ ਪ੍ਰਸ਼ਾਸਨ ਨੂੰ ਤੁਰੰਤ ਹਰਕਤ ਵਿਚ ਆਉਣਾ ਚਾਹੀਦਾ ਹੈ ਤੇ ਪਟਰੋਲ ਪੰਪਾਂ ਨੂੰ ਲੈ ਕੇ ਖਾਸ ਹਦਾਇਤਾਂ ਜਾਰੀ ਕਰਨੀਆਂ ਚਾਹੀਦੀਆਂ ਹਨ ਤਾਂ ਜੋਂ ਜਮਾਂਖੋਰਾਂ ਨੂੰ ਨਕੇਲ ਪਾਈ ਜਾ ਸਕੇ ਅਤੇ ਐਮਰਜੈਂਸੀ ਵਰਗੇ ਹਲਾਤ ਬਣਨ ਤੋਂ ਰੋਕਿਆ ਜਾ ਸਕੇ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

ਇਤਿਹਾਸਿਕ ਸਥਾਨ ਅੰਬੇਡਕਰ ਭਵਨ ਵਿਖੇ ਬੁੱਧ ਪੂਰਨਿਮਾ ਸਮਾਗਮ 12 ਨੂੰ

ਮਾਨਯੋਗ ਭਿੱਖੂ ਚੰਦਰ ਕੀਰਤੀ ਜੀ ਦੇਣਗੇ ਧੰਮ ਦੇਸਨਾ

ਜਲੰਧਰ (ਸਮਾਜ ਵੀਕਲੀ): ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਵੱਲੋਂ ਬੁੱਧ ਪੂਰਨਿਮਾ ਦਾ ਸਮਾਗਮ ਇਤਿਹਾਸਿਕ ਸਥਾਨ ਅੰਬੇਡਕਰ ਭਵਨ, ਡਾ. ਅੰਬੇਡਕਰ ਮਾਰਗ, ਜਲੰਧਰ ਵਿਖੇ ਰਮਾਬਾਈ ਅੰਬੇਡਕਰ ਯਾਦਗਾਰ ਹਾਲ ਵਿੱਚ ਬੜੀ ਧੂਮ ਧਾਮ ਅਤੇ ਸ਼ਰਧਾ ਨਾਲ ਉਤਸ਼ਾਹ ਪੂਰਵਕ 12 ਮਈ ਨੂੰ ਸ਼ਾਮ 4.00 ਵਜੇ ਆਯੋਜਿਤ ਕੀਤਾ ਜਾ ਰਿਹਾ ਹੈ। ਇਸ ਸਮਾਗਮ ਨੂੰ ਅੰਬੇਡਕਰ ਭਵਨ ਟਰੱਸਟ (ਰਜਿ.) ਅਤੇ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.), ਪੰਜਾਬ ਯੂਨਿਟ ਦਾ ਸਹਿਯੋਗ ਪ੍ਰਾਪਤ ਹੈ। ਮਾਨਯੋਗ ਭਿੱਖੂ ਚੰਦਰ ਕੀਰਤੀ ਜੀ ਬੁੱਧ ਵਿਹਾਰ, ਤਰਖਾਣ ਮੁਜਾਰਾ, (ਫਿਲੌਰ) ਧੰਮ ਦੇਸਨਾ ਦੇਣਗੇ ਅਤੇ ਪ੍ਰਮੁੱਖ ਬੁੱਧੀਜੀਵੀ ਬੁਲਾਰੇ ਸਮਾਗਮ ਵਿੱਚ ਆਪਣੇ ਵਿਚਾਰ ਪੇਸ਼ ਕਰਨਗੇ। ਅੰਬੇਡਕਰ ਮਿਸ਼ਨ ਸੁਸਾਇਟੀ ਨੇ ਸਾਰਿਆਂ ਨੂੰ ਇਸ ਸਮਾਗਮ ਵਿੱਚ ਪੂਰੇ ਜੋਸ਼ ਅਤੇ ਉਤਸ਼ਾਹ ਨਾਲ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ। ਇਹ ਜਾਣਕਾਰੀ ਅੰਬੇਡਕਰ ਮਿਸ਼ਨ ਸੁਸਾਇਟੀ ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਜਾਰੀ ਕਰਕੇ ਦਿੱਤੀ।

ਮਾਨਯੋਗ ਭਿੱਖੂ ਚੰਦਰ ਕੀਰਤੀ ਜੀ ਦੀ ਫਾਈਲ ਫੋਟੋ।

ਬਲਦੇਵ ਰਾਜ ਭਾਰਦਵਾਜ
ਜਨਰਲ ਸਕੱਤਰ
ਅੰਬੇਡਕਰ ਮਿਸ਼ਨ
ਸੁਸਾਇਟੀ ਪੰਜਾਬ (ਰਜਿ.)

ਭਾਰਤ ਦਾ ਮਾਹੌਲ ਖਰਾਬ ਕਰਨ ਵਾਲੇ ਪਾਕਿਸਤਾਨੀਆਂ ਨੂੰ ਕਿਸੇ ਵੀ ਕੀਮਤ ਤੇ ਬਖਸ਼ਿਆ ਨਾ ਜਾਵੇ : ਡਾ. ਮੁਹੰਮਦ ਜਮੀਲ ਬਾਲੀ

ਹੁਸ਼ਿਆਰਪੁਰ (ਤਰਸੇਮ ਦੀਵਾਨਾ) ਇੰਤਜ਼ਾਮੀਆ ਜਾਮਾ ਮਸਜਿਦ ਈਦਗਾਹ ਕਮੇਟੀ ਦੀ ਇੱਕ ਮੀਟਿੰਗ ਹੋਈ। ਇਸ ਮੌਕੇ ਤੇ ਪ੍ਰਧਾਨ ਖੁਰਸ਼ੀਦ ਅਮਦ ਨੇ ਪਾਕਿਸਤਾਨ ਦੇ ਅੱਤਵਾਦੀ ਟਿਕਾਣਿਆਂ ਦੇ ਖਾਤਮੇ ਲਈ ''ਆਪ੍ਰੇਸ਼ਨ ਸਿੰਦੂਰ'' ਤੇ ਭਾਰਤ ਸਰਕਾਰ ਅਤੇ ਭਾਰਤੀ ਸੈਨਾ ਦੀ ਸ਼ਲਾਘਾ ਕੀਤੀ। ਇਸ ਮੌਕੇ ਤੇ ਇੰਤਜ਼ਾਮੀਆ ਕਮੇਟੀ ਦੇ ਜਨਰਲ ਸਕੱਤਰ ਡਾ. ਮੁਹੰਮਦ ਜਮੀਲ ਬਾਲੀ ਨੇ ਕਿਹਾ ਕਿ ਪਾਕਿਸਤਾਨ ਦੁਆਰਾ ਸੰਚਾਲਿਤ ਅੱਤਵਾਦ ਦੇ ਕੈਂਪਾਂ ਤੋਂ ਜਿੱਥੇ ਅੱਤਵਾਦੀ ਸਿਖਲਾਈ ਲੈ ਕੇ ਆਉਂਦੇ ਹਨ, ਸਾਡੇ ਦੇਸ਼ ਦੇ ਮਾਸੂਮ ਲੋਕਾਂ ਦੀ ਹੱਤਿਆ ਕਰਕੇ ਸਾਡੇ ਦੇਸ਼ ਦਾ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਕਰਦੇ ਹਨ, ਉਨ੍ਹਾਂ ਨੂੰ ਭਾਰਤੀ ਸੈਨਾ ਨੇ ਤਬਾਹ ਕਰ ਪਾਕਿਸਤਾਨ ਨੂੰ ਕਰਾਰਾ ਜਵਾਬ ਦਿੱਤਾ ਹੈ। ਸਾਨੂੰ ਆਪਣੇ ਦੇਸ਼ ਅਤੇ ਭਾਰਤੀ ਸੈਨਾ ਤੇ ਮਾਣ ਹੈ। ਅਸੀਂ ਆਪਣੀ ਸੈਨਾ ਅਤੇ ਦੇਸ਼ ਦੇ ਨਾਲ ਵੜੀ ਮਜ਼ਬੂਤੀ ਨਾਲ ਖੜ੍ਹੇ ਹਾਂ। ਇਸ ਮੌਕੇ ਤੇ ਰਿਆਜ਼ ਅੰਸਾਰੀ, ਮੁਹੰਮਦ ਅਸਲਮ, ਜ਼ੈਦੀ ਮਲਿਕ, ਮਤੀਉੱਲਾ, ਮੁਹੰਮਦ ਸਲੀਮ, ਮੁਹੰਮਦ ਹਸਨ, ਸਾਦਿਕ, ਨਸਰੁਲਹਾ, ਅੱਬੂਸਾਦ, ਮੁਹੰਮਦ ਆਲਮ, ਮੁਹੰਮਦ ਹਸਨ, ਮੁਹੰਮਦ ਸ਼ਕੀਲ, ਹਾਸ਼ਿਮ, ਇਰਸ਼ਾਦ, ਉਸਮਾਨ, ਆਸਿਫ, ਰਈਸ ਮੁਹੰਮਦ ਆਦਿ ਹਾਜ਼ਰ ਸਨ।

ਫੋਟੋ ਅਜਮੇਰ ਦੀਵਾਨਾ

ਵਿਦੇਸ਼ ਦੀ ਧਰਤੀ ਤੋਂ ਅਮਰਜੀਤ ਸਿੰਘ ਅਟਵਾਲ ਨੇ 2100 ਦੀ ਆਰਥਿਕ ਮਦਦ ਦੀ ਰਾਸ਼ੀ KWS ਨੂੰ ਭੇਜੀ

ਬੰਗਾ (ਚਰਨਜੀਤ ਸੱਲ੍ਹਾ) ਪਿੰਡ ਕੁਲਥਮ ਵਿੱਚ ਨੌਜਵਾਨ ਸਾਥੀਆਂ ਵਲੋਂ ਪਿੰਡ ਕੁਲਥਮ ਵਿੱਚ ਸਮਾਜਿਕ ਸੇਵਾ ਲਈ ਚਲਾਈ ਜਾ ਰਹੀ ਸੰਸਥਾ ਕੁਲਥਮ ਵੈਲਫੇਅਰ ਸੁਸਾਇਟੀ KWS ਨੂੰ ਵਿਦੇਸ਼ ਦੀ ਧਰਤੀ ਤੇ ਬੈਠੇ ਅਮਰਜੀਤ ਸਿੰਘ ਅਟਵਾਲ ਵਲੋ 2100 ਰੁਪਏ ਦੀ ਰਾਸ਼ੀ ਭੇਜੀ ਗਈ ਸੰਸਥਾ ਦੇ ਅਹੁਦੇਦਾਰਾਂ ਨੇ ਅਮਰਜੀਤ ਸਿੰਘ ਅਟਵਾਲ ਦਾ ਧੰਨਵਾਦ ਕਰਦਿਆਂ ਕਿਹਾ ਕਿ ਤੁਹਾਡੇ ਦਿੱਤੇ ਜਾ ਆਰਥਿਕ ਸਹਿਯੋਗ ਅਤੇ ਹੌਸਲੇ ਨਾਲ ਹੀ ਅਸੀ ਸਮਾਜਿਕ ਕਾਰਜ ਕਰ ਰਹੇ ਹਾਂ ਇਸ ਮੌਕੇ ਡਾ ਸੋਨੂੰ ਨਰ ਪ੍ਰਧਾਨ, ਸਤਨਾਮ ਸਿੰਘ ਅਟਵਾਲ ਉਪ ਪ੍ਰਧਾਨ, ਦੀਪਕ ਅਟਵਾਲ ਉਪ ਖਜਾਨਚੀ, ਕੋਮਲ ਕੁਮਾਰ ਖਜਾਨਚੀ, ਸੋਨੂੰ ਚੁੰਬਰ ਮੀਡੀਆ ਅਧਿਕਾਰੀ,

ਅਮਨ ਕੁਟੀਆ ਵਾਲੇ, ਮੁਕੇਸ਼ ਕੁਮਾਰ ਸਕੱਤਰ, ਹੈਰੀ ਸਲਾਹਕਾਰ, ਗੌਰਵ ਕੁਮਾਰ ਪ੍ਰੋਜੈਕਟ ਕੋਆਰਡੀਨੇਟਰ, ਹਰਜੋਤ ਕੁਮਾਰ, ਰੋਹਿਤ ਕੁਮਾਰ ਸਕੱਤਰ, ਲਵਪ੍ਰੀ ਸਕੱਤਰ, ਗਗਨ ਕੁਲਥਮ ਸਕੱਤਰ, ਕੁਲਦੀਪ ਕੁਮਾਰ ਜਨਰਲ ਸਕੱਤਰ, ਕੁਲਵੰਤ ਕੁਮਾਰ ਜਨਰਲ ਸਕੱਤਰ ਲੇਖ ਰਾਜ ਕੁਲਥਮ ਅਤੇ ਰਾਕੇਸ਼ ਕੁਮਾਰ ਕੁਲਥਮ(ਸੰਸਥਾਪਕ) ਹਾਜਿਰ ਸਨ।

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ 'ਚ ਇੱਕ ਵਾਰ ਫਿਰ ਹੋਇਆ ਬਲੈਕ ਆਊਟ

ਅੰਮ੍ਰਿਤਸਰ। ਪਾਕਿਸਤਾਨ ਵੱਲੋਂ ਡਰੋਨ ਹਮਲੇ ਤੋਂ ਬਾਅਦ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਅੱਜ ਮੁੜ ਬਲੈਕ ਆਊਟ ਕੀਤਾ ਗਿਆ ਹੈ। ਪਾਕਿ ਵੱਲੋਂ ਜੰਮੂ-ਕਸ਼ਮੀਰ ਤੋਂ ਬਾਅਦ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿਖੇ ਡਰੋਨ ਹਮਲੇ ਕੀਤੇ ਗਏ ਹਨ। ਅੰਮ੍ਰਿਤਸਰ ਵਿਖੇ ਵੀ ਧਮਾਕੇ ਦੀ ਆਵਾਜ਼ ਸੁਣਾਈ ਦਿੱਤੀ ਹੈ। ਹਮਲੇ ਨੂੰ ਲੈ ਕੇ ਸ੍ਰੀ ਦਰਬਾਰ ਸਾਹਿਬ ਵਿਖੇ ਵੀ ਬੈਲਕ ਆਊਟ ਕੀਤਾ ਗਿਆ ਹੈ।

ਲੋਕਾਂ ਨੂੰ ਜੰਗ ਨਹੀਂ, ਅਮਨ ਚਾਹੀਦੈ ਦੇਸ਼ ਭਗਤ ਯਾਦਗਾਰ ਕਮੇਟੀ ਦੀ ਮੰਗ

'ਦੀ ਵਾਇਰ' ਤੇ ਭਾਰਤ ਵਿਚ ਪਾਬੰਦੀ ਦੀ ਨਿੰਦਾ

ਜਲੰਧਰ (ਸਤਨਾਮ ਸਿੰਘ ਸਹੂੰਗੜਾ) ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਲਿਖਤੀ ਪ੍ਰੈਸ ਬਿਆਨ 'ਚ ਕਿਹਾ ਹੈ ਕਿ ਇੱਕ ਬੰਨੇ ਜੰਗ ਦੇ ਸਹਿਮ ਕਾਰਨ ਪੰਜਾਬ ਦੇ ਲੋਕ ਗਹਿਰੇ ਸਦਮੇ ਵਿਚ ਹਨ ਖਾਸ ਕਰਕੇ ਸਰਹੱਦੀ ਇਲਾਕਿਆਂ ਦੇ ਲੋਕ ਹਿਜ਼ਰਤ ਕਰਨ ਲਈ ਮਜਬੂਰ ਹਨ ਅਤੇ ਦੂਜੇ ਬੰਨੇ ਜੰਗ ਦੇ ਬੱਦਲਾਂ ਦੇ ਓਹਲੇ ਓਹਲੇ ਬਰਤਾਨੀਆ ਅਤੇ ਅਮਰੀਕਾ ਸਮੇਤ ਸਾਮਰਾਜੀ ਕਾਰਪੋਰੇਟ ਘਰਾਣਿਆਂ ਹਵਾਲੇ ਸਾਡੇ ਮੁਲਕ ਦੇ ਕੁਦਰਤੀ ਅਨਮੋਲ ਸੋਮਿਆਂ, ਵਿਸ਼ੇਸ਼ ਕਰਕੇ ਪੰਜਾਬ ਦੇ ਆਬਾਦਕਾਰਾਂ ਅਤੇ ਆਮ ਕਿਸਾਨਾਂ ਦੀਆਂ ਜਬਰੀ ਜ਼ਮੀਨਾਂ ਖੋਹਣ ਲਈ ਉਪਰੋ ਥਲੀ ਬੋਲੇ ਜਾ ਰਹੇ ਹੱਲਿਆਂ ਕਾਰਨ ਲੋਕ ਆਪਣੇ ਆਪ ਨੂੰ ਦੋਹਰੀ ਜੰਗ ਦੀ ਮਾਰ ਤੋਂ ਪੀੜਤ ਮਹਿਸੂਸ ਕਰ ਰਹੇ ਹਨ। ਇਉਂ ਹੀ ਇਸ ਵੇਲੇ ਭਾਜਪਾ ਹਕੂਮਤ ਵੱਲੋਂ ਸਾਰੇ ਕਾਇਦੇ ਕਾਨੂੰਨ ਸੰਗੀਨਾਂ ਦੀ ਨੋਕ ਤੇ ਟੰਗ ਕੇ ਜੰਗਲਾਂ ਅਤੇ ਪਹਾੜਾਂ ਅੰਦਰ ਆਦਿਵਾਸੀਆਂ ਅਤੇ ਉਹਨਾਂ ਦੇ ਹੱਕਾਂ ਦੀ ਗੱਲ ਕਰਦੇ ਲੋਕਾਂ ਦਾ ਥੋਕ ਪੱਧਰ ਤੇ ਸ਼ਿਕਾਰ ਖੇਡਿਆ ਜਾ ਰਿਹਾ ਹੈ ਜੋ ਕਿ ਫੌਰੀ ਬੰਦ ਕੀਤਾ ਜਾਏ।

ਉਹਨਾਂ ਕਿਹਾ ਕਿ ਜੰਗ, ਲਾਠੀ, ਗੋਲੀ ਲੋਕਾਂ ਦੇ ਮਸਲਿਆਂ ਦਾ ਹੱਲ ਨਹੀਂ ਸਗੋਂ ਮਸਲਿਆਂ ਵਿੱਚ ਵਾਧਾ

ਕਰਨਾ, ਉਹਨਾਂ ਨੂੰ ਹੋਰ ਵੀ ਜਟਿਲ ਬਣਾਉਣਾ ਹੈ।

ਉਹਨਾਂ ਕਿਹਾ ਕਿ ਅਜਿਹੇ ਵੇਲੇ ਪੰਜਾਬ ਵਾਸੀਆਂ ਦੀ ਬਾਂਹ ਫੜਨ ਦੀ ਬਜਾਏ ਅੰਧ ਰਾਸ਼ਟਰਵਾਦ ਦੇ ਗਰਦੋ ਗੁਬਾਰ ਵਿਚ ਅਤੇ 'ਜੰਗ' ਦੀ ਆੜ ਹੇਠ 'ਕਰੋਨਾ' ਦੇ ਦੌਰ ਵਾਂਗ ਲੋਕਾਂ ਨੂੰ ਇਕੱਠੇ ਹੋਣ, ਰੋਸ ਪ੍ਰਗਟਾਵਾ ਕਰਨ ਅਤੇ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕਰਨ ਦੇ ਜਮਹੂਰੀ ਹੱਕਾਂ ਤੋਂ ਵਾਂਝੇ ਕੀਤਾ ਜਾ ਰਿਹਾ ਹੈ, ਜਿਸਦੀ ਤਾਜ਼ਾ ਮਿਸਾਲ 'ਦੀ ਵਾਇਰ' ਭਾਰਤ ਵਿਚ ਬੰਦ ਕਰਨਾ ਹੈ ਜੋ ਬੇਹੱਦ ਨਿੰਦਣਯੋਗ ਵਰਤਾਰਾ ਹੈ। ਜ਼ਿਕਰਯੋਗ ਹੈ ਕਿ ਦੀ ਵਾਇਰ ਦੇ ਸੰਪਾਦਕ ਸਿਧਾਰਥ ਰੰਜਨ ਗ਼ਦਰੀ ਬਾਬਿਆਂ ਦੇ ਮੇਲੇ ਤੇ ਮੁੱਖ ਵਕਤਾ ਵਜੋਂ ਪ੍ਰਭਾਵਸ਼ਾਲੀ ਸੁਨੇਹਾ ਦੇ ਕੇ ਗਏ ਸਨ। ਦੇਸ਼ ਭਗਤ ਯਾਦਗਾਰ ਕਮੇਟੀ ਨੇ ਵਿਸ਼ੇਸ਼ ਕਰਕੇ ਪੰਜਾਬ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਫਿਰਕੂ ਅੰਧ-ਰਾਸ਼ਟਰਵਾਦ ਦੀ ਵਗਾਈ ਜਾ ਰਹੀ ਹਨੇਰੀ ਤੋਂ ਚੌਕੰਨੇ ਰਹਿੰਦੇ ਹੋਏ ਆਪਸੀ ਭਾਈਚਾਰਕ ਸਾਂਝ ਬਣਾਈ ਰੱਖਣ ਅਤੇ ਸਰਕਾਰ ਤੋਂ ਜ਼ੋਰਦਾਰ ਮੰਗ ਕਰਨ ਕਿ ਉਹ ਜੰਗੀ ਮਾਹੌਲ ਨੂੰ ਤੂਲ ਦੇਣ ਵਾਲੀਆਂ ਤਾਕਤਾਂ ਨੂੰ ਨੱਥ ਪਾਵੇ ਨਾ ਕਿ ਅਮਨ ਪਸੰਦ, ਜੰਗ ਵਿਰੋਧੀ ਅਤੇ ਲੋਕ ਹਿਤੈਸ਼ੀ ਤਾਕਤਾਂ ਦੀ ਆਵਾਜ਼ ਬੰਦ ਕਰਨ ਵਾਲੀਆਂ ਤਾਕਤਾਂ ਉਪਰ ਸ਼ਿਕੰਜਾ ਕੱਸਣ ਤੇ ਜੋਰ ਲਾਵੇ।

ਅਸੀਂ ਜੰਗ ਨਹੀਂ ਅਮਨ ਚਾਹੁੰਦੇ ਹਾ ਕਿਉਂਕਿ ਜੰਗ ਕਿਸੇ ਵੀ ਮਸਲੇ ਦਾ ਹੱਲ ਨਹੀਂ ਹੈ : ਬੇਗਮਪੁਰਾ ਟਾਈਗਰ ਫੋਰਸ

1947 ਦੀ ਜੰਗ ਨੇ ਦੋਵੇਂ ਪੰਜਾਬਾਂ ਦਾ ਬਟਵਾਰਾ ਕਰ ਦਿੱਤਾ ਸੀ ਤੇ ਹੁਣ ਵੀ ਜੰਗ ਕਰਕੇ ਹੀ ਦੋਵੇਂ ਪੰਜਾਬ ਉੱਜੜ ਰਹੇ ਹਨ : ਬੀਰਪਾਲ,ਨੇਕੂ,ਹੈਪੀ,ਸਤੀਸ਼

ਹੁਸ਼ਿਆਰਪੁਰ (ਤਰਸੇਮ ਦੀਵਾਨਾ) ਬੇਗਮਪੁਰਾ ਟਾਈਗਰ ਫੋਰਸ ਦੇ ਚੇਅਰਮੈਨ ਤਰਸੇਮ ਦੀਵਾਨਾ ਅਤੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬੇਗਮਪੁਰਾ ਟਾਈਗਰ ਫੋਰਸ ਦੀ ਇੱਕ ਹਗਾਮੀ ਮੀਟਿੰਗ ਫੋਰਸ ਦੇ ਜਿਲ੍ਹਾ ਪ੍ਰਧਾਨ ਹੈਪੀ ਫਤਿਹਗੜ੍ਹ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਫੋਰਸ ਦੇ ਪੰਜਾਬ ਪ੍ਰਧਾਨ ਬੀਰਪਾਲ ਠਰੋਲੀ,ਦੋਆਬਾ ਪ੍ਰਧਾਨ ਨੇਕੂ ਅਜਨੋਹਾ, ਜਿਲ੍ਹਾ ਮੀਤ ਸੀਨੀਅਰ ਪ੍ਰਧਾਨ ਸਤੀਸ਼ ਸ਼ੇਰਗੜ੍ਹ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਅਸੀਂ ਜੰਗ ਨਹੀਂ ਅਮਨ ਚਾਹੁੰਦੇ ਹਾ ਕਿਉਂਕਿ ਜੰਗ ਕਿਸੇ ਮਸਲੇ ਦਾ ਹੱਲ ਨਹੀਂ ਹੈ । ਸਾਨੂੰ ਕਦੇ ਵੀ ਆਪਣੇ ਗੁਆਂਡੀ ਨਾਲ ਮਾੜੇ ਸਬੰਧ ਨਹੀਂ ਰੱਖਣੇ ਚਾਹੀਦੇ ਭਾਵੇਂ ਗੁਆਂਡੀ ਗਲਤ ਹੀ ਕਿਉਂ ਨਾ ਹੋਵੇ ਕਈ ਵਾਰ ਅਸੀਂ ਵੀ ਗਲਤ ਹੁੰਦੇ ਹਾਂ ਇਸ ਦਾ ਮਤਲਬ ਇਹ ਨਹੀਂ ਹੁੰਦਾ ਕਿ ਅਗਲੇ ਦਾ ਘਰ ਤਬਾਹ ਕਰ ਦਿੱਤਾ ਜਾਵੇ ਅਤੇ ਆਪਣੇ ਘਰ ਨੂੰ ਵੱਡਾ ਬਣਾਉਣ ਦੀ ਕੋਸ਼ਿਸ਼ ਕੀਤੀ ਜਾਵੇ। ਕਿਉਂਕਿ ਪੂਰੇ ਭਾਰਤ ਅੰਦਰ ਇਸ ਵੇਲੇ ਜੰਗ ਦੇ ਬੱਦਲ ਛਾਏ ਹੋਏ ਹਨ ਅਤੇ ਲੋਕਾਂ ਵਿੱਚ ਅਫੜਾ ਦਫੜੀ ਫੈਲੀ ਹੋਈ ਹੈ ਪੰਜਾਬ ਦੇ ਬਾਰਡਰ ਤੇ ਲੋਕ ਆਪੋ ਆਪਣੇ ਘਰ ਛੱਡ ਸਮਾਨ ਚੁੱਕ ਕੇ ਹਿਜਰਤ ਕਰ ਰਹੇ ਹਨ। ਉਹਨਾਂ ਕਿਹਾ ਕੀ ਦੂਜੇ ਪਾਸੇ ਜੋ ਨਿਰਦੋਸ਼ ਪਹਿਲਗਾਮ ਦੇ ਵਿੱਚ ਮਾਰੇ ਜਾ ਚੁੱਕੇ ਹਨ ਉਹਨਾਂ ਦਾ ਵੀ ਸਾਨੂੰ ਬਹੁਤ ਅਫਸੋਸ ਹੈ ਇਸ ਦੀ ਵੀ ਵੱਡੇ ਪੱਧਰ ਜਾਂਚ ਹੋਣੀ ਚਾਹੀਦੀ ਸੀ ਉਹਨਾਂ ਕਿਹਾ ਕਿ ਪਾਕਿਸਤਾਨ ਅਤੇ ਕਸ਼ਮੀਰ ਦੇ ਲੋਕ ਕਹਿ ਰਹੇ ਹਨ ਕਿ ਅਸੀਂ ਟੇਬਲ ਤੇ ਬੈਠਣ ਨੂੰ ਤਿਆਰ ਹਾਂ ਕਿ ਇਹ ਅਪਰਾਧ ਅਸੀਂ ਨਹੀਂ ਕੀਤਾ ਅਤੇ ਨਾ ਹੀ ਅਸੀਂ ਸੋਚ ਸਕਦੇ ਹਾਂ। ਉਹਨਾਂ ਆਖਿਆ ਕਿ ਜਦੋਂ ਚਿੱਠੀ ਸਿੰਘਪੁਰਾ ਵਿੱਚ 43 ਸਿੱਖ ਦਿਨ ਦਿਹਾੜੇ ਕੋਹ ਕੋਹ ਕੇ ਮਾਰ ਦਿੱਤੇ ਸਨ ਉਸ ਵਕਤ ਵੀ ਪੂਰਾ ਰੋਲਾ ਸੀ ਕਿ ਇਹ ਅਪਰਾਧ ਮੁਸਲਮਾਨ ਕੌਮ ਨੇ ਕੀਤਾ ਹੈ। ਅਤੇ ਉਸ ਦੇ ਬਦਲੇ ਪੰਜ ਮੁਸਲਮਾਨਾਂ ਨੂੰ ਵੀ ਮਾਰ ਦਿੱਤਾ ਗਿਆ ਸੀ ਤਾਂ ਸਿੱਖ ਕੌਮ ਅਤੇ ਪੰਜਾਬੀਆਂ ਨੇ ਕਿਹਾ ਕਿ ਇਹ ਕਤਲੇਆਮ ਮੁਸਲਮਾਨ ਕੌਮ ਨੇ ਨਹੀਂ ਕੀਤਾ। ਉਹਨਾਂ ਕਿਹਾ ਕਿ ਅਸੀਂ ਜੰਗ ਨਹੀਂ ਅਮਨ ਚਾਹੁੰਦੇ ਹਾਂ ਕਿਉਂਕਿ ਜੰਗ ਕਿਸੇ ਮਸਲੇ ਦਾ ਹੱਲ ਨਹੀਂ ਜੰਗ ਘਰ ਵਿੱਚ ਵੀ ਮਾੜੀ ਸਟੇਟ ਵਿੱਚ ਵੀ ਮਾੜੀ ਅਤੇ ਸੂਬੇ ਵਿੱਚ ਵੀ ਮਾੜੀ ਹੁੰਦੀ ਹੈ। ਜੰਗ ਨੇ ਬਾਰਡਰਾਂ ਤੇ ਰਹਿੰਦੇ ਲੋਕਾਂ ਨੂੰ ਦੁੱਖ ਵਿੱਚ ਪਾਇਆ ਹੋਇਆ ਹੈ ਅਤੇ ਜੰਗ ਕਰਕੇ ਲੋਕ ਧੜਾ ਧੜਾ ਘਰ ਦਾ ਸਮਾਨ ਖਰੀਦ ਰਹੇ ਹਨ ਅਤੇ ਆਰਥਿਕ ਤੌਰ ਤੇ ਵੀ ਹੋਰ ਕਮਜ਼ੋਰ ਹੋ ਰਹੇ ਹਨ। ਉਹਨਾਂ ਕਿਹਾ ਕਿ ਜਿਹੜਾ ਇਸ ਵੇਲੇ ਖਰਚਾ ਫੌਜ ਤੇ ਆ ਰਿਹਾ ਹੈ ਉਸ ਦਾ ਭਾਰ ਵੀ ਭਾਰਤ ਦੇ ਲੋਕਾਂ ਉੱਪਰ ਹੀ ਪੈਣਾ ਹੈ ਤੇ ਪੈ ਰਿਹਾ ਹੈ। ਉਹਨਾਂ ਕਿਹਾ ਕਿ 1947 ਦੀ ਹੋਈ ਜੰਗ ਨੇ ਦੋਵੇਂ ਪੰਜਾਬਾਂ ਦਾ ਬਟਵਾਰਾ ਕਰ ਦਿੱਤਾ ਸੀ ਤੇ ਹੁਣ ਵੀ ਜੰਗ ਕਰਕੇ ਹੀ ਦੋਵੇਂ ਪੰਜਾਬ ਉਜੜ ਰਹੇ ਹਨ ਉਧਰ ਵੀ ਸਾਡੇ ਹੀ ਭਰਾ ਬੈਠੇ ਹਨ ਤੇ ਇਧਰ ਵੀ ਸਾਡੇ ਭਰਾ ਬੈਠੇ ਹਨ ਇਸ ਕਰਕੇ ਸਾਨੂੰ ਜੰਗ ਤੋਂ ਟਾਲਾ ਵੱਟਣ ਦੀ ਲੋੜ ਹੈ । ਇਸ ਮੌਕੇ ਹੋਰਨਾਂ ਤੋਂ ਇਲਾਵਾ ਬੰਟੀ ਬਸੀ ਬਾਹਦ, ਰਵਿ ਸੁੰਦਰ ਨਗਰ, ਸਤੀਸ਼ ਬਸੀ ਬਾਹਦ, ਢਿੱਲੋਂ ਬੱਧਣ, ਕਰਮਜੀਤ ਗੋਗਾ, ਰਾਹੁਲ ਕਲੋਤਾ,ਹਨੀ ਬਸੀ ਬਾਹਦ,ਬਾਲੀ ਸੁੰਦਰ ਨਗਰ, ਫੈਕੀ ਪੁਰਹੀਰਾ,ਵਿਸ਼ਾਲ ਸਿੰਘ, ਆਦਿ ਹਾਜ਼ਰ ਸਨ !

ਡਿਪਟੀ ਕਮਿਸ਼ਨਰ ਨੇ ਜ਼ਰੂਰੀ ਵਸਤੂਆਂ ਦੀ ਜਮ੍ਹਾਂਖੋਰੀ ਵਿਰੁੱਧ ਹੁਕਮ ਜਾਰੀ ਕੀਤੇ

●ਜੇਕਰ ਕੋਈ ਮਾਮਲਾ ਸਾਹਮਣੇ ਆਉਂਦਾ ਹੈ ਤਾਂ ਹੋਵੇਗੀ ਸਖ਼ਤ ਕਾਰਵਾਈ ●ਅਫਵਾਹਾਂ ਫੈਲਾਉਣ ਵਾਲਿਆਂ ਤੋਂ ਸਾਵਧਾਨ ਰਹੋ

ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ) ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਜ਼ਰੂਰੀ ਵਸਤੂਆਂ ਦੇ ਗੈਰ-ਕਾਨੂੰਨੀ ਜਮ੍ਹਾਂਖੋਰਾਂ ਵਿਰੁੱਧ ਹੁਕਮ ਜਾਰੀ ਕੀਤੇ ਹਨ ਅਤੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਜੇਕਰ ਅਜਿਹਾ ਕੋਈ ਮਾਮਲਾ ਸਾਹਮਣੇ ਆਉਂਦਾ ਹੈ ਤਾਂ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇ। ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਦੱਸਿਆ ਕਿ ਪ੍ਰਸ਼ਾਸਨ ਜ਼ਿਲ੍ਹੇ ਭਰ ਵਿੱਚ ਜ਼ਰੂਰੀ ਵਸਤਾਂ ਦੀ ਸੁਚਾਰੂ ਉਪਲਬਧਤਾ ਨੂੰ ਯਕੀਨੀ ਬਣਾ ਰਿਹਾ ਹੈ ਜਦੋਂ ਕਿ ਜਮ੍ਹਾਂਖੋਰੀ ਕਰਨ ਵਾਲਿਆਂ ਖਿਲਾਫ ਕਾਰਵਾਈ ਹੋਵੇਗੀ। ਉਨ੍ਹਾਂ ਜ਼ਿਲ੍ਹੇ ਵਿੱਚ ਜ਼ਰੂਰੀ ਵਸਤਾਂ ਦੀ ਸੁਚਾਰੂ ਸਪਲਾਈ ਅਤੇ ਡਿਲੀਵਰੀ ਨੂੰ ਬਣਾਈ ਰੱਖਣ ਲਈ ਜਨਤਾ ਤੋਂ ਸਹਿਯੋਗ ਦੀ ਮੰਗ ਵੀ ਕੀਤੀ। ਜ਼ਰੂਰੀ ਵਸਤੂਆਂ ਐਕਟ, 1955 ਅਤੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਐਕਟ, 2023 ਦੀ ਧਾਰਾ 163 ਤਹਿਤ ਜਾਰੀ ਕੀਤੇ ਗਏ ਹੁਕਮਾਂ ਵਿੱਚ ਕਿਹਾ ਗਿਆ ਕਿ ਨਾਗਰਿਕ ਜਮ੍ਹਾਂਖੋਰੀ, ਕਾਲਾਬਾਜ਼ਾਰੀ ਜਾਂ ਕੀਮਤਾਂ ਵਿੱਚ ਹੇਰਾਫੇਰੀ ਦੀ ਕਿਸੇ ਵੀ ਮਾਮਲੇ ਦੀ ਰਿਪੋਰਟ ਜ਼ਿਲ੍ਹੇ ਦੇ ਸਬੰਧਤ ਅਧਿਕਾਰੀਆਂ ਨੂੰ ਕਰ ਸਕਦੇ ਹਨ। ਡਿਪਟੀ ਕਮਿਸ਼ਨਰ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਕੋਈ ਵੀ ਵਿਅਕਤੀ, ਵਪਾਰੀ ਜਾਂ ਸੰਸਥਾ ਜ਼ਰੂਰੀ ਵਸਤੂਆਂ ਦਾ ਭੰਡਾਰ ਨਹੀਂ ਕਰੇਗੀ ਜਿਨ੍ਹਾਂ ਵਿੱਚ ਅਨਾਜ ਅਤੇ ਸਮਾਨ, ਚਾਰਾ, ਦੁੱਧ ਅਤੇ ਡੇਅਰੀ ਉਤਪਾਦ, ਪੈਟਰੋਲ ਅਤੇ ਹੋਰ ਬਾਲਣ ਅਤੇ ਹੋਰ ਰੋਜ਼ਾਨਾ ਲੋੜਾਂ ਦੀਆਂ ਚੀਜ਼ਾਂ ਸ਼ਾਮਲ ਹਨ।

ਹੁਕਮਾਂ ਅਨੁਸਾਰ, ਜ਼ਰੂਰੀ ਵਸਤੂਆਂ, ਪੈਟਰੋਲ, ਡੀਜ਼ਲ ਆਦਿ ਨਾਲ ਸਬੰਧਤ ਜਮ੍ਹਾਂਖੋਰੀ, ਜੇਕਰ ਕੋਈ ਹੈ, ਤਾਂ ਜ਼ਿਲ੍ਹਾ ਖੁਰਾਕ ਅਤੇ ਸਪਲਾਈ ਕੰਟਰੋਲਰ (98782-30268) ਨੂੰ ਰਿਪੋਰਟ ਕੀਤੀ ਜਾ ਸਕਦੀ ਹੈ, ਪਸ਼ੂ-ਪਾਲਣ ਸੇਵਾਵਾਂ ਨਾਲ ਸਬੰਧਤ ਮਾਮਲੇ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਦੇ ਧਿਆਨ ਵਿੱਚ ਉਨ੍ਹਾਂ ਦੇ ਮੋਬਾਈਲ ਨੰਬਰ (78891-36823) 'ਤੇ ਲਿਆਂਦੇ ਜਾਣਗੇ। ਇਸੇ ਤਰ੍ਹਾਂ, ਸਬਜ਼ੀਆਂ ਆਦਿ ਸਮੇਤ ਮੰਡੀ ਨਾਲ ਸਬੰਧਤ ਮੁੱਦਿਆਂ ਨੂੰ ਜ਼ਿਲ੍ਹਾ ਮੰਡੀ ਅਫ਼ਸਰ (98722-58599) ਦੇ ਧਿਆਨ ਵਿੱਚ ਲਿਆਂਦਾ ਜਾਵੇਗਾ ਜਦੋਂ ਕਿ ਪਸ਼ੂਆਂ ਦੇ ਚਾਰੇ ਲਈ ਜ਼ਿਲ੍ਹਾ ਮੈਨੇਜਰ ਮਾਰਕਫੈੱਡ (98765-04725) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਅਫਵਾਹ ਫੈਲਾਉਣ ਵਾਲਿਆਂ ਤੋਂ ਸਾਵਧਾਨ ਰਹੋ: ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਲੋਕਾਂ ਨੂੰ ਠਰੰਮੇ 'ਚ ਰਹਿਣ ਦੀ ਅਪੀਲ ਕੀਤੀ। ਇਸ ਦੇ ਨਾਲ ਹੀ ਕਿਸੇ ਵੀ ਪਲੇਟਫਾਰਮ 'ਤੇ ਫੈਲ ਰਹੀਆਂ ਅਫਵਾਹਾਂ ਜਾਂ ਗੁੰਮਰਾਹਕੁੰਨ ਜਾਣਕਾਰੀ ਦਾ ਸ਼ਿਕਾਰ ਨਾ ਹੋਣ ਦੀ ਵੀ ਤਾਕੀਦ ਕੀਤੀ। ਉਨ੍ਹਾਂ ਇਹ ਵੀ ਭਰੋਸਾ ਦਿੱਤਾ ਕਿ ਕਿਸੇ ਵੀ ਸਥਿਤੀ ਵਿੱਚ ਘਬਰਾਉਣ ਦੀ ਲੋੜ ਨਹੀਂ ਹੈ ਕਿਉਂਕਿ ਜ਼ਿਲ੍ਹਾ ਪ੍ਰਸ਼ਾਸਨ ਨੇ ਜ਼ਰੂਰੀ ਵਸਤਾਂ ਦੀ ਨਿਰਵਿਘਨ ਸਪਲਾਈ ਲਈ ਪਹਿਲਾਂ ਹੀ ਨਿਰਦੇਸ਼ ਜਾਰੀ ਕਰ ਦਿੱਤੇ ਹਨ। ਉਨ੍ਹਾਂ ਕਿਹਾ ਕਿ ਲੋਕ ਜ਼ਿਲ੍ਹੇ ਨਾਲ ਸਬੰਧਤ ਤਾਜ਼ਾ ਸੂਚਨਾ ਅਤੇ ਅਸਲ ਜਾਣਕਾਰੀ ਫੇਸਬੁੱਕ ਪੇਜ ਜ਼ਿਲ੍ਹਾ ਲੋਕ ਸੰਪਰਕ ਦਫ਼ਤਰ, ਸ਼ਹੀਦ ਭਗਤ ਸਿੰਘ ਨਗਰ ਤੋਂ ਪ੍ਰਾਪਤ ਕਰ ਸਕਦੇ ਹਨ ਤਾਂ ਜੋ ਇਸ ਬਦਲਦੀ ਸਥਿਤੀ ਵਿੱਚ ਅਸਲ ਸਮੇਂ ਦੀ ਜਾਣਕਾਰੀ ਪ੍ਰਾਪਤ ਕੀਤੀ ਜਾ ਸਕੇ।

ਬਲੈਕਆਊਟ ਦੇ ਸਹਿਯੋਗ ਲਈ ਨਿਵਾਸੀਆਂ ਦੀ ਸ਼ਲਾਘਾ ਕੀਤੀ, ਪੂਰੀ ਤਰ੍ਹਾਂ ਪਾਲਣਾ ਦੀ ਅਪੀਲ: ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਵੀਰਵਾਰ ਦੇਰ ਸ਼ਾਮ ਨੂੰ ਬਲੈਕਆਊਟ ਲਾਗੂ ਕਰਨ ਵਿੱਚ ਜ਼ਿਲ੍ਹਾ ਵਾਸੀਆਂ ਵੱਲੋਂ ਦਿੱਤੇ ਸਹਿਯੋਗ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਹ ਲੋੜ ਪੈਣ 'ਤੇ ਰਿਹਾਇਸ਼ੀ ਖੇਤਰਾਂ ਅਤੇ ਵਪਾਰਕ ਅਦਾਰਿਆਂ ਵਿੱਚ ਹਰੇਕ ਲਾਈਟ ਬੰਦ ਕਰਕੇ ਬਲੈਕ ਆਊਟ ਦੀ ਪਾਲਣਾ ਨੂੰ ਯਕੀਨੀ ਬਣਾਉਣ। ਉਨ੍ਹਾਂ ਨੇ ਲੋਕਾਂ ਨੂੰ ਪੇਂਡੂ ਖੇਤਰਾਂ ਵਿੱਚ ਲਗਾਈਆਂ ਗਈਆਂ ਸੋਲਰ ਲਾਈਟਾਂ ਨੂੰ ਲੋੜ ਪੈਣ 'ਤੇ ਪੂਰੀ ਤਰ੍ਹਾਂ ਢਕਣ ਅਤੇ ਰੌਸ਼ਨੀ ਵਾਲੇ ਸੀਸੀਟੀਵੀ ਕੈਮਰਿਆਂ ਨੂੰ ਬੰਦ ਕਰਨ ਦੀ ਵੀ ਅਪੀਲ ਕੀਤੀ।

ਅਧਿਕਾਰੀਆਂ ਨੂੰ ਬਿਨਾਂ ਇਜਾਜ਼ਤ ਸਟੇਸ਼ਨ ਨਾ ਛੱਡਣ ਦੀ ਹਦਾਇਤ: ਡਿਪਟੀ ਕਮਿਸ਼ਨਰ ਨੇ ਵੱਖ-ਵੱਖ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀਆਂ ਅਤੇ ਅਧਿਕਾਰੀਆਂ ਨੂੰ ਉਨ੍ਹਾਂ ਦੀ ਪੂਰਵ ਪ੍ਰਵਾਨਗੀ ਤੋਂ ਬਿਨਾਂ ਸਟੇਸ਼ਨ ਨਾ ਛੱਡਣ ਦੀ ਹਦਾਇਤ ਵੀ ਕੀਤੀ।

ਬਲਜਿੰਦਰ ਪਾਹਵਾ ਕਾਂਗਰਸ ਜਿਲਾ ਜਲੰਧਰ ਦਿਹਾਤੀ ਦੇ ਮੀਤ ਪ੍ਰਧਾਨ ਨਿਯੁਕਤ

ਫਿਲੌਰ/ਅੱਪਰਾ (ਦੀਪਾ)– ਕਾਂਗਰਸ ਹਾਈ ਕਮਾਂਡ ਵਲੋਂ ਬਲਜਿੰਦਰ ਪਾਹਵਾ ਨੂੰ ਜਿਲਾ ਜਲੰਧਰ ਦਿਹਾਤੀ ਕਾਂਗਰਸ ਦਾ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ । ਇਸ ਮੌਕੇ ਵਿਨੋਦ ਭਾਰਦਵਾਜ ਮੋਰੋਂ, ਪਰਮਜੀਤ ਸਿੰਘ ਢਿੱਲੋਂ ਮੰਡੀ, ਮਨਵੀਰ ਸਿੰਘ ਢਿੱਲੋਂ ਮੰਡੀ, ਬਲਕਾਰ ਸਿੰਘ ਸਾਬਕਾ ਸਰਪੰਚ ਰਾਏਪੁਰ ਅਰਾਈਆਂ, ਬਿੱਟੂ ਆੜਤੀਆ ਲਸਾੜਾ ਨੇ ਉਨਾਂ ਨੂੰ ਨਿਯੁਕਤੀ 'ਤੇ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਉਹ ਆਪਣੀ ਯੋਗਤਾ ਦੇ

ਆਧਾਰ 'ਤੇ ਇਸ ਮੁਕਾਮ ਤੱਕ ਆਏ ਹਨ । ਇਸ ਮੌਕੇ ਬਲਜਿੰਦਰ ਪਾਹਵਾ ਨੇ ਸਮੂਹ ਕਾਂਗਰਸ ਹਾਈ ਕਮਾਂਡ, ਰਾਣਾ ਗੁਰਜੀਤ ਸਿੰਘ ਸਾਬਕਾ ਕੈਬਨਿਟ ਮੰਤਰੀ ਪੰਜਾਬ, ਸ. ਚਰਨਜੀਤ ਸਿੰਘ ਚੰਨੀ ਮੈਂਬਰ ਲੋਕ ਸਭਾ ਜਲੰਧਰ ਤੇ ਸਮੂਹ ਆਲਾ ਆਗੂਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਆਪਣੀ ਜਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਉਣਗੇ ਤੇ ਕਾਂਗਰਸ ਪਾਰਟੀ ਦੀਆਂ ਲੋਕ ਹਿੱਤ ਨੀਤੀਆਂ ਨੂੰ ਘਰ ਘਰ ਲੈ ਕੇ ਜਾਣਗੇ ।

ਵਾਇਸ ਚਾਂਸਲਰ ਡਾ. ਰਾਜੀਵ ਸੂਦ ਆਈ.ਐੱਮ.ਏ. ਦੇ ਮੈਂਬਰ ਬਣੇ

ਸ੍ਰੀ ਮੁਕਤਸਰ ਸਾਹਿਬ । ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਫਰੀਦਕੋਟ ਦੇ ਵਾਇਸ ਚਾਂਸਲਰ ਡਾ. ਰਾਜੀਵ ਸੂਦ ਨੂੰ ਆਈ.ਐੱਮ.ਏ. (ਇੰਡੀਅਨ ਮੈਡੀਕਲ ਐਸੋਸੀਏਸ਼ਨ) ਵੱਲੋਂ ਆਨਰੇਰੀ ਮੈਂਬਰ ਨਿਯੁਕਤ ਕੀਤਾ ਗਿਆ ਹੈ। ਐਸੋਸੀਏਸ਼ਨ ਵੱਲੋਂ ਤਿੰਨ ਕੁ ਦਿਨ ਪਹਿਲਾਂ ਡਾ. ਸੂਦ ਨੂੰ ਇਸ ਸਬੰਧੀ ਨਿਯੁਕਤੀ ਪੱਤਰ ਭੇਂਟ ਕੀਤਾ ਗਿਆ ਸੀ। ਡਾ. ਰਾਜੀਵ ਸੂਦ ਦੀ ਮੈਡੀਕਲ ਖੇਤਰ ਵਿੱਚ ਦੇਣ ਅਤੇ ਵਧੀਆ ਪ੍ਰਬੰਧਕੀ ਕਾਰਜ ਕੁਸ਼ਲਤਾ ਸਦਕਾ ਹੀ ਆਈ.ਐੱਮ.ਏ. ਵੱਲੋਂ ਉਨ੍ਹਾਂ ਨੂੰ ਇਹ ਮਾਣਮੱਤਾ ਅਹੁਦਾ ਦਿੱਤਾ ਗਿਆ ਹੈ। ਐਲ.ਬੀ.ਸੀ. ਟੀ. (ਲਾਰਡ ਬੁੱਧਾ ਚੈਰੀਟੇਬਲ ਟਰੱਸਟ) ਦੇ ਸੰਸਥਾਪਕ ਚੇਅਰਮੈਨ ਅਤੇ ਆਲ ਇੰਡੀਆ ਐਸ.ਸੀ./ਬੀ.ਸੀ./ਐਸ.ਟੀ. ਏਕਤਾ ਭਲਾਈ ਮੰਚ ਦੇ ਰਾਸ਼ਟਰੀ ਪ੍ਰਧਾਨ ਦਲਿਤ ਰਤਨ ਜਗਦੀਸ ਰਾਏ ਢੋਸੀਵਾਲ ਨੇ ਇਸ ਮਾਣਮੱਤੀ ਨਿਯੁਕਤੀ 'ਤੇ ਡਾ: ਸੂਦ ਨੂੰ ਵਧਾਈ ਦਿੱਤੀ ਹੈ। ਇਸ ਦੇ ਨਾਲ ਹੀ ਸਮਾਜ ਦੇ ਭਲੇ ਅਤੇ ਵਿਕਾਸ ਨੂੰ ਸਮਰਪਿਤ ਪ੍ਰਮੁੱਖ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਦੇ ਗਾਇਡ ਇੰਜ. ਅਸ਼ੋਕ ਕੁਮਾਰ ਭਾਰਤੀ, ਚੇਅਰਮੈਨ ਨਿਰੰਜਣ ਸਿੰਘ ਰੱਖਰਾ, ਵਿਜੇ ਸਿਡਾਨਾ, ਵਿਕ੍ਰਾਂਤ ਤੇਰੀਆ, ਅਮਰ ਨਾਥ ਸੇਰਸੀਆ ਅਤੇ ਹੋਰਨਾਂ ਨੇ ਵੀ ਡਾ. ਸੂਦ ਨੂੰ ਵਧਾਈ ਦਿੱਤੀ ਹੈ। ਲਾਰਡ ਬੁੱਧਾ ਟਰੱਸਟ ਦੀ ਫਰੀਦਕੋਟ ਇਕਾਈ ਦੀ ਚੀਫ ਪੈਟਰਨ ਹੀਰਾਵਤੀ, ਪ੍ਰਧਾਨ ਜਗਦੀਸ਼ ਰਾਜ ਭਾਰਤੀ

ਅਤੇ ਚੇਅਰਮੈਨ ਪ੍ਰਿੰ. ਕ੍ਰਿਸ਼ਨ ਲਾਲ ਨੇ ਵੀ ਡਾ. ਸੂਦ ਨੂੰ ਵਧਾਈ ਦਿੱਤੀ ਹੈ। ਅੱਜ ਇਥੇ ਬੁੱਧ ਵਿਹਾਰ ਸਥਿਤ ਏਕਤਾ ਭਲਾਈ ਮੰਚ ਦੇ ਮੁਖ ਦਫਤਰ ਤੋਂ ਜਾਣਕਾਰੀ ਦਿੰਦੇ ਹੋਏ ਪ੍ਰਧਾਨ ਢੋਸੀਵਾਲ ਨੇ ਦੱਸਿਆ ਹੈ ਕਿ ਡਾ. ਸੂਦ ਦੇਸ਼ ਦੀਆਂ ਕਈ ਹੋਰ ਨਾਮਵਰ ਸੰਸਥਾਵਾਂ ਦੇ ਵੀ ਸੀਨੀਅਰ ਅਹੁਦੇਦਾਰ ਹਨ। ਡਾ. ਸੂਦ ਨੇ ਵਾਇਸ ਚਾਂਸਲਰ ਵਜੋਂ ਅਹੁਦਾ ਸੰਭਾਲਣ ਦੇ ਥੋੜੇ ਸਮੇਂ ਬਾਅਦ ਹੀ ਯੂਨੀਵਰਸਿਟੀ ਨੂੰ ਤਰੱਕੀ ਦੀਆਂ ਉਚਾਈਆਂ ਵੱਲ ਲਿਜਾਣ ਦਾ ਸ਼ਲਾਘਾਯੋਗ ਕਾਰਜ ਆਰੰਭ ਕੀਤਾ ਹੋਇਆ ਹੈ। ਪ੍ਰਧਾਨ ਢੋਸੀਵਾਲ ਨੇ ਸੋਸ਼ਲ ਮੀਡੀਆ ਉਪਰ ਡਾ. ਸੂਦ ਵਿਰੁੱਧ ਕੀਤੇ ਜਾ ਰਹੇ ਕੂੜ ਪ੍ਰਚਾਰ ਨੂੰ ਬੇਹੱਦ ਮੰਦਭਾਗਾ ਤੇ ਯੂਨੀਵਰਸਿਟੀ ਨੂੰ ਬਦਨਾਮ ਕਰਨ ਦੀ ਸਾਜਿਸ਼ ਕਰਾਰ ਦਿੱਤਾ ਹੈ। ਉਨ੍ਹਾਂ ਨੇ ਇਸ ਕੂੜ ਪ੍ਰਚਾਰ ਵਿਚ ਯੂਨੀਵਰਸਿਟੀ ਦੇ ਕੁਝ ਮਲਾਈਦਾਰ ਪੋਸਟਾਂ ਤੋਂ ਲਾਂਭੇ ਕੀਤੇ ਕਰਮਚਾਰੀਆਂ ਅਤੇ ਆਪਣੇ ਨਿੱਜੀ ਹਿੱਤਾਂ ਦੀ ਪੂਰਤੀ ਲਈ ਸਵਾਰਥੀ ਅਨਸਰਾਂ ਦੀ ਮਿਲੀ ਭੁਗਤ ਹੋਣ ਦੀ ਵੀ ਸ਼ੰਕਾ ਪ੍ਰਗਟਾਈ ਹੈ। ਢੋਸੀਵਾਲ ਨੇ ਅੱਗੇ ਇਹ ਵੀ ਜਾਣਕਾਰੀ ਦਿੱਤੀ ਹੈ ਕਿ ਜਲਦੀ ਹੀ ਉਨ੍ਹਾਂ ਦੀ ਸੰਸਥਾ ਵੱਲੋਂ ਵੀ.ਸੀ. ਡਾ. ਰਾਜੀਵ ਸੂਦ ਦੀ ਉਕਤ ਮਾਣਮੱਤੀ ਨਿਯੁਕਤੀ ਲਈ ਉਨ੍ਹਾਂ ਨੂੰ ਮਿਲ ਕੇ ਵਧਾਈ ਦਿੱਤੀ।

ਪੰਜਾਬੀ ਸਾਹਿਤ ਸਭਾ ਰਜਿ ਫਰੀਦਕੋਟ ਦੀ ਮਾਸਿਕ ਇਕੱਤਰਤਾ ਹੋਈ

ਫਰੀਦਕੋਟ(ਰਮੇਸ਼ਵਰ ਸਿੰਘ) ਪੰਜਾਬੀ ਸਾਹਿਤ ਸਭਾ ਰਜਿ ਫਰੀਦਕੋਟ ਵੱਲੋਂ ਮਾਸਿਕ ਇਕੱਤਰਤਾ ਪ੍ਰਿੰਸੀਪਲ ਨਵਰਾਹੀ ਘੁਗਿਆਣਵੀ ਦੀ ਪ੍ਰਧਾਨਗੀ ਹੇਠ ਮਿਤੀ 4 ਮਈ 2025 ਨੂੰ ਸਥਾਨਕ ਪੈਨਸ਼ਨ ਭਵਨ ਫ਼ਰੀਦਕੋਟ ਨਜ਼ਦੀਕ ਹੁੱਕੀ ਚੌਂਕ ਵਿਖੇ ਹੋਈ ਜਿਸ ਵਿੱਚ ਹੇਠ ਲਿਖੇ ਲੇਖਕਾਂ ਨੇ ਭਾਗ ਲਿਆ ਅਤੇ ਆਪਣੀਆਂ ਰਚਨਾਵਾਂ ਦਾ ਗੁਣਗਾਣ ਕੀਤਾ ਜਿਨ੍ਹਾਂ ਵਿੱਚ ਇਕਬਾਲ ਘਾਰੂ, ਦਰਸ਼ਨ ਰੋਮਾਣਾ, ਸੁਰਿੰਦਰਪਾਲ ਸ਼ਰਮਾ ਭਲੂਰ, ਬਲਜੀਤ ਸਿੰਘ ਸੰਧੂ ਸੇਵਾਮੁਕਤ ਇੰਸਪੈਕਟਰ ਪੰਜਾਬ ਪੁਲਿਸ,

ਕਰਨਲ ਬਲਬੀਰ ਸਿੰਘ ਸਰਾਂ, ਜਸਵੰਤ ਸਿੰਘ ਸਰਾਂ, ਸੁਖਚੈਨ ਥਾਦੇਵਾਲਾ, ਜਗਦੀਪ ਹਸਰਤ , ਸੁਖਦੇਵ ਸਿੰਘ ਮਚਾਕੀ , ਰਾਮ ਪ੍ਰਤਾਪ ਅਗਨੀਹੋਤਰੀ, ਲਾਲ ਸਿੰਘ ਕਲਸੀ, ਸਾਧੂ ਸਿੰਘ ਚਮੇਲੀ , ਪਰਮਜੀਤ ਸਿੰਘ ਸ਼ਾਮਲ ਸਨ। ਪੜ੍ਹੀਆਂ ਗਈਆਂ ਰਚਨਾਵਾਂ ਤੇ ਭਖਮੀ ਬਹਿਸ ਹੋਈ। ਕਰਨਲ ਬਲਬੀਰ ਸਿੰਘ ਸਰਾਂ ਨੇ ਮਹਾਰਾਜਾ ਫਰੀਦਕੋਟ ਅਤੇ ਫਰੀਦਕੋਟ ਰਿਆਸਤ ਬਾਰੇ ਚਾਨਣਾ ਪਾਇਆ। ਇਕਬਾਲ ਘਾਰੂ ਨੇ ਆਪਣਾ ਗੀਤ ਯੁੱਧ ਨਸ਼ਿਆਂ ਵਿਰੁੱਧ ਪੇਸ਼ ਕੀਤਾ। ਲਾਲ ਸਿੰਘ ਕਲਸੀ ਅਤੇ ਦਰਸ਼ਨ ਰੋਮਾਣਾ ਨੇ ਅਗਲੇ ਸਾਲ ਆਪਣੇ ਨਵ ਪ੍ਰਕਾਸ਼ਿਤ ਕਾਵਿ ਸੰਗ੍ਰਹਿ ਸਾਹਿਤ ਦੀ ਝੋਲੀ ਪਾਉਣ ਬਾਰੇ ਦੱਸਿਆ। ਪਹਿਲਗਾਮ (ਕਸ਼ਮੀਰ) ਵਿਖੇ ਆਤੰਕੀ ਹਮਲਿਆਂ ਨਾਲ ਸੈਲਾਨੀਆਂ ਦੀ ਹੋਈ ਮੌਤ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਅਖੀਰ ਵਿੱਚ ਲੋਕ ਕਵੀ ਬਿਸਮਿਲ ਫਰੀਦਕੋਟੀ ਦਾ 100ਵਾ ਜਨਮ ਦਿਵਸ ਮਨਾਉਣ ਦਾ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਪ੍ਰਿੰਸੀਪਲ ਨਵਰਾਹੀ ਘੁਗਿਆਣਵੀ ਜੀ ਨੇ ਬਿਸਮਿਲ ਫਰੀਦਕੋਟੀ ਬਾਰੇ ਜਾਣਕਾਰੀ ਦਿੱਤੀ ਅਤੇ ਆਪਣੇ ਵਿਅੰਗ ਸੁਣਾਏ।

ਸਿਹਤ ਵਿਭਾਗ ਵੱਲੋਂ "ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ" ਮੁਹਿੰਮ ਦੀ ਸ਼ੁਰੂਆਤ

ਮਾਨਸਾ । ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਵੱਲੋਂ ਡੇਂਗੂ ਤੋਂ ਬਚਾਅ ਲਈ 'ਐਂਟੀ ਡੇਂਗੂ ਕੈਂਪੇਨ' ਤਹਿਤ ਹਰ ਸ਼ੁੱਕਰਵਾਰ ਨੂੰ 'ਡੇਂਗੂ 'ਤੇ ਵਾਰ' ਮੁਹਿੰਮ ਸ਼ੁਰੂ ਕੀਤੀ ਗਈ ਹੈ। ਇਹ ਮੁਹਿੰਮ ਅੱਜ 9 ਮਈ 2025 ਤੋਂ ਲੈ ਕੇ ਦਸੰਬਰ 2025 ਤੱਕ ਚੱਲੇਗੀ। ਇਸ ਮੁਹਿੰਮ ਦਾ ਮੁੱਖ ਉਦੇਸ਼ ਜ਼ਿਲ੍ਹਾ, ਬਲਾਕ ਅਤੇ ਪਿੰਡ ਪੱਧਰ 'ਤੇ ਲੋਕਾਂ ਨੂੰ ਡੇਂਗੂ ਤੋਂ ਬਚਾਅ ਲਈ ਜਾਗਰੂਕ ਕਰਨਾ ਹੈ, ਜਿਸ ਤਹਿਤ ਵਿਸ਼ੇਸ਼ ਜਾਗਰੂਕਤਾ ਗਤੀਵਿਧੀਆਂ ਆਯੋਜਿਤ ਕੀਤੀਆਂ ਜਾਣਗੀਆਂ।

ਮਾਨਸਾ ਜ਼ਿਲ੍ਹੇ ਵਿੱਚ ਸਿਵਲ ਸਰਜਨ ਡਾ. ਅਰਵਿੰਦਪਾਲ ਸਿੰਘ ਦੀ ਅਗਵਾਈ ਅਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਸ੍ਰੀ ਸੰਤੋਸ਼ ਭਾਰਤੀ, ਏ.ਐੱਮ.ਓ. ਸ੍ਰੀ ਰਾਜ ਕੁਮਾਰ ਅਤੇ ਕਮਲਜੀਤ ਸਿੰਘ ਦੀ ਨਿਗਰਾਨੀ ਹੇਠ ਸਿਹਤ ਕਰਮਚਾਰੀਆਂ ਵੱਲੋਂ ਵੱਖ-ਵੱਖ ਥਾਵਾਂ 'ਤੇ ਜਾਗਰੂਕਤਾ ਗਤੀਵਿਧੀਆਂ ਕੀਤੀਆਂ ਗਈਆਂ।

ਬਲਾਕ ਖਿਆਲਾ ਅੰਦਰ ਵੀ ਸਿਹਤ ਕਰਮੀਆਂ ਨੇ ਵੱਖ-ਵੱਖ ਪਿੰਡਾਂ ਵਿੱਚ ਜਾ ਕੇ ਲੋਕਾਂ ਨੂੰ ਡੇਂਗੂ ਤੋਂ ਬਚਾਅ ਬਾਰੇ ਜਾਣਕਾਰੀ ਦਿੱਤੀ। ਸੀ.ਐੱਚ.ਸੀ. ਖਿਆਲਾ ਕਲਾਂ ਵਿਖੇ ਇੱਕ ਵਿਸ਼ੇਸ਼ ਪ੍ਰੋਗਰਾਮ ਐੱਸ.ਐੱਮ.ਓ. ਡਾ. ਹਰਮਨਦੀਪ ਸਿੰਘ ਅਤੇ ਡਾ. ਬਲਜਿੰਦਰ ਕੌਰ ਦੀ ਅਗਵਾਈ ਵਿੱਚ ਸ਼ੁਰੂ ਕੀਤਾ ਗਿਆ। ਇਸ ਮੌਕੇ ਜਾਣਕਾਰੀ ਦਿੰਦਿਆਂ ਸਿਹਤ ਕਰਮਚਾਰੀ ਚਾਨਣਦੀਪ ਸਿੰਘ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਡੇਂਗੂ ਤੋਂ ਬਚਾਅ ਲਈ ਹਰ ਸ਼ੁੱਕਰਵਾਰ ਨੂੰ 'ਡਰਾਈ ਡੇ' ਵਜੋਂ ਮਨਾਇਆ ਜਾਂਦਾ ਹੈ। ਇਸ ਦਿਨ ਲੋਕਾਂ ਨੂੰ ਆਪਣੇ ਘਰਾਂ, ਆਲੇ-ਦੁਆਲੇ, ਸਰਕਾਰੀ ਅਤੇ ਗੈਰ-ਸਰਕਾਰੀ ਸੰਸਥਾਵਾਂ ਵਿੱਚ ਮੱਛਰ ਪੈਦਾ ਹੋਣ ਵਾਲੀਆਂ ਥਾਵਾਂ ਦੀ ਸਫ਼ਾਈ ਕਰਨ ਅਤੇ ਪਾਣੀ ਦੇ ਸੋਮਿਆਂ ਦੀ ਦੇਖਭਾਲ ਕਰਨ ਬਾਰੇ ਜਾਗਰੂਕ

ਕੀਤਾ ਜਾਂਦਾ ਹੈ। ਇਸਦਾ ਮੁੱਖ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਕਿਤੇ ਵੀ ਵਾਧੂ ਪਾਣੀ ਇਕੱਠਾ ਨਾ ਹੋਵੇ ਅਤੇ ਮੱਛਰ ਪੈਦਾ ਨਾ ਹੋ ਸਕਣ। ਇਸ ਦਿਨ ਲੋਕਾਂ ਨੂੰ ਕੂਲਰਾਂ ਦਾ ਪਾਣੀ ਬਦਲਣ, ਫਰਿੱਜ ਦੀ ਟਰੇਅ ਖਾਲੀ ਕਰਨ ਅਤੇ ਪਾਣੀ ਦੀਆਂ ਟੈਂਕੀਆਂ ਨੂੰ ਢੱਕ ਕੇ ਰੱਖਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਏਰੀਏ ਵਿੱਚ ਵੱਖ ਵੱਖ ਥਾਵਾਂ ਤੇ ਸਿਹਤ ਟੀਮਾਂ ਨੇ ਸਰਵੇ ਕਰਕੇ ਲੋਕਾਂ ਨੂੰ ਜਾਗਰੂਕ ਕੀਤਾ। ਇਸ ਮੌਕੇ ਸਰਬਜੀਤ ਸਿੰਘ, ਸੁਖਪਾਲ ਸਿੰਘ, ਜਗਦੀਸ਼ ਸਿੰਘ, ਬਲਕਰਨ ਸਿੰਘ, ਮਨਦੀਪ ਸਿੰਘ, ਮਲਕੀਤ ਸਿੰਘ, ਲਵਦੀਪ ਸਿੰਘ, ਮਨੋਜ ਕੁਮਾਰ, ਅਵਤਾਰ ਸਿੰਘ, ਸੁਖਵੀਰ ਸਿੰਘ, ਯਾਦਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਸਵਰਨ ਸਿੰਘ, ਕੁਲਵਿੰਦਰ ਸਿੰਘ, ਜਸਪਾਲ ਕੌਰ, ਸੁਖਜਿੰਦਰ ਕੌਰ , ਮਨਪ੍ਰੀਤ ਕੌਰ , ਧਰਵਿੰਦਰ ਸਿੰਘ ਆਦਿ ਹਾਜ਼ਰ ਸਨ।

ਜ਼ਿਲ੍ਹੇ 'ਚ ਸਥਿਤੀ ਪੂਰੀ ਤਰ੍ਹਾਂ ਆਮ ਵਾਂਗ, ਅਫ਼ਵਾਹਾਂ ਤੋਂ ਰਿਹਾ ਜਾਵੇ ਸਾਵਧਾਨ - ਆਸ਼ਿਕਾ ਜੈਨ

ਸ਼ੱਕੀ ਵਸਤੂ ਦਿੱਸੇ ਤਾਂ ਤੁਰੰਤ ਪੁਲਿਸ ਜਾਂ ਸਿਵਲ ਪ੍ਰਸ਼ਾਸਨ ਨੂੰ ਦਿੱਤੀ ਜਾਵੇ ਜਾਣਕਾਰੀ

ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਪ੍ਰਧਾਨਗੀ ਹੇਠ ਅੱਜ ਹੋਈ ਮੀਟਿੰਗ ਦੌਰਾਨ ਜ਼ਿਲ੍ਹੇ ਵਿਚ ਸਿਵਲ ਡਿਫੈਂਸ ਤਿਆਰੀ ਦਾ ਜਾਇਜ਼ਾ ਲਿਆ ਗਿਆ। ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਸਬੰਧਤ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੱਤੇ ਅਤੇ ਕਿਸੇ ਵੀ ਹੰਗਾਮੀ ਸਥਿਤੀ ਦੌਰਾਨ ਪੂਰੀ ਚੌਕਸੀ ਵਰਤਣ ਲਈ ਕਿਹਾ। ਇਸ ਦੌਰਾਨ ਉਨ੍ਹਾਂ ਦੱਸਿਆ ਕਿ ਸਿਵਲ ਡਿਫੈਂਸ ਸਬੰਧੀ ਵਿਸਥਾਰਤ ਆਰਡਰ ਜਾਰੀ ਕਰਕੇ ਵੱਖ-ਵੱਖ ਅਧਿਕਾਰੀਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ ਅਤੇ ਜ਼ਿਲ੍ਹੇ ਦੀਆਂ ਸਾਰੀਆਂ ਸਬ-ਡਵੀਜ਼ਨਾਂ ਦੇ ਉਪ ਮੰਡਲ ਮੈਜਿਸਟਰੇਟਾਂ ਕੋਲੋਂ ਲਗਾਤਾਰ ਰਿਪੋਰਟ ਲਈ ਜਾ ਰਹੀ ਹੈ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਸਥਿਤੀ ਪੂਰੀ ਤਰ੍ਹਾਂ ਆਮ ਵਾਂਗ ਹੈ, ਫਿਰ ਵੀ ਜਨਰਲ ਤਿਆਰੀ ਦੀ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਨੇ ਲਗਾਤਾਰ ਏਅਰ ਫੋਰਸ ਅਤੇ ਆਰਮੀ ਨਾਲ ਤਾਲਮੇਲ ਬਣਾਇਆ ਹੋਇਆ ਹੈ। ਉਨ੍ਹਾਂ ਇਕ ਖਾਸ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਜੇਕਰ ਕਿਸੇ ਵੀ ਮੁਹੱਲੇ, ਪਿੰਡ ਜਾਂ ਸ਼ਹਿਰ ਵਿੱਚ ਕਿਸੇ ਨੂੰ ਕੋਈ ਵੀ ਸ਼ੱਕੀ ਜਾਂ ਅਣਪਛਾਤੀ ਵਸਤੂ ਮਿਲਦੀ ਹੈ ਤਾਂ ਉਸ ਦੇ ਨੇੜੇ ਨਾ ਜਾਇਆ ਜਾਵੇ ਅਤੇ ਨਾ ਹੀ ਛੇੜਨ ਦੀ ਕੋਸ਼ਿਸ਼ ਕੀਤੀ ਜਾਵੇ, ਬਲਕਿ ਇਸ ਦੀ ਸੂਚਨਾ ਨੇੜੇ ਦੇ ਥਾਣੇ ਜਾਂ ਸਿਵਲ ਪ੍ਰਸ਼ਾਸਨ ਨੂੰ ਦਿੱਤੀ ਜਾਵੇ, ਤਾਂ ਜੋ ਉਸ ਵਸਤੂ ਦੀ ਫੌਰੈਂਸਿਕ ਜਾਂਚ ਕਰਵਾ ਕੇ ਆਰਮੀ ਜਾ ਏਅਰ ਫੋਰਸ ਤੱਕ ਰਿਕਵਰੀ ਲਈ ਪਹੁੰਚਾਇਆ ਜਾ ਸਕੇ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਜ਼ਿਲ੍ਹੇ ਵਿੱਚ ਹਾਲਾਤ ਪੂਰੀ ਤਰ੍ਹਾਂ ਆਮ ਵਾਂਗ ਹਨ ਅਤੇ ਕਿਸੇ ਵੀ ਤਰ੍ਹਾਂ ਘਬਰਾਉਣ ਵਾਲੀ ਗੱਲ ਨਹੀਂ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ 24 ਘੰਟੇ ਕਾਰਜਸ਼ੀਲ ਜ਼ਿਲ੍ਹਾ ਪੱਧਰੀ ਕੰਟਰੋਲ ਰੂਮ ਸਥਾਪਿਤ ਕੀਤਾ ਗਿਆ ਹੈ, ਜਿਸ ਦਾ ਨੰਬਰ 01882-220412 ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਵਾਸੀ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਇਸ ਕੰਟਰੋਲ ਰੂਮ 'ਤੇ ਸੰਪਰਕ ਕਰ ਸਕਦੇ ਹਨ।

ਇਸ ਦੌਰਾਨ ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਗੁੰਮਰਾਹਕੁੰਨ ਅਫਵਾਹਾਂ ਤੋਂ ਪੂਰੀ ਤਰ੍ਹਾਂ ਸੁਚੇਤ ਰਹਿਣ ਅਤੇ ਸਰਕਾਰ ਵਲੋਂ ਸਮੇਂ-ਸਮੇਂ 'ਤੇ ਲੋਕ ਹਿੱਤ ਵਿਚ ਜਾਰੀ ਹੋਣ ਵਾਲੀ ਅਡਵਾਈਜ਼ਰੀ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਉਣ। ਉਨ੍ਹਾਂ ਕਿਹਾ ਕਿ ਜੇਕਰ ਕੋਈ ਸ਼ਰਾਰਤੀ ਅਨਸਰ ਅਫਵਾਹ ਫੈਲਾਉਂਦਾ ਪਾਇਆ ਗਿਆ ਤਾਂ ਉਸ ਖਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਨਿਕਾਸ ਕੁਮਾਰ, ਸਹਾਇਕ ਕਮਿਸ਼ਨਰ (ਅੰਡਰ ਟ੍ਰੇਨਿੰਗ) ਓਇਸ਼ੀ ਮੰਡਲ, ਐਸ.ਡੀ.ਐਮ ਹੁਸ਼ਿਆਰਪੁਰ ਸੰਜੀਵ ਕੁਮਾਰ, ਐਸ.ਡੀ.ਐਮ ਟਾਂਡਾ ਪਰਮਪ੍ਰੀਤ ਸਿੰਘ, ਐਸ.ਪੀ ਨਵਨੀਤ ਕੌਰ ਗਿੱਲ, ਡੀ.ਐਸ.ਪੀ ਮਨਪ੍ਰੀਤ ਸ਼ੀਮਾਰ ਅਤੇ ਸਿਵਲ ਡਿਫੈਂਸ ਅਧਿਕਾਰੀ ਮੌਜੂਦ ਸਨ।

ਪਾਣੀ ਦੇ ਮਸਲੇ ਨੂੰ ਸੰਜੀਦਗੀ ਨਾਲ ਹੱਲ ਕਰਵਾਵੇ ਪੰਜਾਬ ਸਰਕਾਰ- ਅੰਮ੍ਰਿਤਪਾਲ ਭੋਂਸਲੇ

ਫਿਲੌਰ/ਅੱਪਰਾ (ਦੀਪਾ)–ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਚੇਅਰਮੈਨ ਨੂੰ ਫੜੀ ਰੱਖਣਾ ਪੰਜਾਬ ਦੇ ਪਾਣੀ ਦੇ ਸੰਕਟ ਨੂੰ ਹੱਲ ਨਾ ਕਰੇਗਾ। ਇਸ ਮਸਲੇ ਨੂੰ ਸੰਜੀਦਗੀ ਨਾਲ ਹੱਲ ਕਰਨ ਲਈ ਪੰਜਾਬ ਸਰਕਾਰ ਨੂੰ ਗੰਭੀਰ ਹੋਣਾ ਪਵੇਗਾ ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸੀਨੀਅਰ ਆਗੂ ਅੰਮ੍ਰਿਤਪਾਲ ਭੋਂਸਲੇ ਫਿਲੌਰ ਨੇ ਕਿਹਾ ਕਿ ਪੰਜਾਬ ਸਰਕਾਰ ਸਰਕਾਰ ਨੂੰ ਵਿਰੋਧੀ ਧਿਰ ਨੇ ਪਾਣੀ ਦੇ ਮਸਲੇ ਨੂੰ ਲੈਕੇ ਸਹਿਯੋਗ ਕੀਤਾ ਪਰ ਉਹ ਆਪਣੀਆਂ ਸਿਆਸੀ ਰੋਟੀਆਂ ਸੇਕਣ ਤੋਂ ਸਿਵਾਏ ਕੁਝ ਨਹੀਂ ਕਰ ਰਹੇ। ਸ੍ਰੀ ਭੋਂਸਲੇ ਨੇ ਅੱਗੇ ਕਿਹਾ ਕਿ ਇਹ ਸਮਾਂ ਸਿਆਸੀ ਲਾਹਾ ਖੱਟਣ ਦੀ ਕੋਸ਼ਿਸ਼ ਨੂੰ ਛੱਡ ਕੇ ਦੇਸ਼ ਦੇ ਮਾੜੇ ਹਾਲਾਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਾਨੂੰ ਡੈਮ ਦੇ ਪੱਧਰ 'ਤੇ ਪੱਕੇ ਫੈਸਲਿਆਂ ਅਤੇ ਲੰਬੇ ਸਮੇਂ ਦੇ ਹੱਲ ਦੀ ਲੋੜ ਹੈ । ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਨੂੰ ਸੁਰੱਖਿਅਤ ਕਰਦਿਆਂ ਸਾਨੂੰ ਪੰਜਾਬ ਇਸ ਦੇ ਪਾਣੀ ਅਤੇ ਮੈਨੇਜਮੈਂਟ ਬੋਰਡ ਵਿੱਚ ਸਹੀ ਹਿੱਸੇਦਾਰੀ ਲਈ ਸੰਘਰਸ਼ ਦੀ ਲੋੜ ਹੈ। ਇਸ ਲਈ ਕਾਨੂੰਨੀ ਦਾਅ ਪੇਚ ਵੀ ਲੱਭ ਕੇ ਉਪਰਾਲੇ ਕਰਨੇ ਚਾਹੀਦੇ ਹਨ। ਇਸ ਨੂੰ ਗੰਭੀਰਤਾ ਨਾਲ ਨਾ ਲੈਣਾ ਸਾਡੇ ਕਿਸਾਨਾਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਨਾਲ ਬੇਇਨਸਾਫੀ ਹੋਵੇਗੀ। ਕਾਂਗਰਸ ਦੇ ਆਗੂ ਅੰਮ੍ਰਿਤਪਾਲ ਭੋਂਸਲੇ ਨੇ ਕਿਹਾ ਕਿ ਪੰਜਾਬ ਭਾਖੜਾ ਬਿਆਸ ਦੇ ਪਾਣੀ ਦਾ ਬਿਹਤਰ ਦਾ ਹੱਕਦਾਰ ਹੈ। ਜਦਕਿ ਕੇਂਦਰ ਸਰਕਾਰ ਨੂੰ ਵੀ ਪੰਜਾਬ ਦੇ ਹਿੱਤਾਂ ਦਾ ਧਿਆਨ ਰੱਖਣਾ ਚਾਹੀਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਹੁਣ ਸਮਾਂ ਹੈ ਲਾਮਬੰਦ ਹੋ ਕੇ ਕੇਂਦਰ ਸਰਕਾਰ ਨੂੰ ਮਜਬੂਰ ਕਰਨ ਦਾ ਨਾ ਕਿ ਸਿਆਸੀ ਰੋਟੀਆਂ ਸੇਕਣ ਦਾ। ਪੰਜਾਬ ਦੇ ਅੰਦਰ ਦਿਨੋਂ ਦਿਨ ਵੱਧ ਰਹੇ ਪਾਣੀ ਦਾ ਨਿਘਾਰ ਵੀ ਚਿੰਤਾ ਦਾ ਵਿਸ਼ਾ ਹੈ।

ਸੀ ਐੱਚ ਸੀ ਅੱਪਰਾ ਵਲੋਂ "ਡਰਾਈ ਡੇ" ਮਨਾਇਆ ਗਿਆ

ਫਿਲੌਰ/ਅੱਪਰਾ (ਦੀਪਾ)– ਸਿਵਲ ਸਰਜਨ ਜਲੰਧਰ ਡਾਕਟਰ ਗੁਰਮੀਤ ਲਾਲ ਅਤੇ ਐਪੀਡੀਮੋਲੋਜਿਸਟ ਡਾਕਟਰ ਅਦਿੱਤਿਆ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ, ਐਸ ਐਮ ਓ ਡਾਕਟਰ ਕਿਰਨ ਕੌਸ਼ਲ ਸੀ ਐਚ ਸੀ ਅੱਪਰਾ ਦੀ ਅਗਵਾਈ ਵਿੱਚ ਡਰਾਈ ਡੇਅ ਮਨਾਇਆ ਗਿਆ ਜਿਸ ਦੌਰਾਨ ਗੁਰਨੇਕ ਲਾਲ ਹੈਲਥ ਸੁਪਰਵਾਈਜਰ ਨੇ ਫ਼ੀਲਡ ਸਟਾਫ਼, ਨਰਸਿੰਗ ਸਟੂਡੈਂਟਸ ਨੂੰ ਨਾਲ ਲੈ ਕੇ ਪਿੰਡ ਅੱਪਰਾ ਡੇਂਗੂ, ਮਲੇਰੀਆ, ਚਿਕਨ ਗੁਨੀਆ ਬੁਖਾਰ ਦੇ ਕਾਰਨ, ਲੱਛਣ ਅਤੇ ਬਚਾਅ ਸਬੰਧੀ ਜਾਣਕਾਰੀ ਦਿੱਤੀ। ਉਹਨਾਂ ਨੇ ਕਿਹਾ ਕਿ ਇਹ ਬੁਖਾਰ ਫੈਲਾਉਣ ਵਾਲਾ ਮੱਛਰ ਸਾਫ ਤੇ ਖੜ੍ਹੇ ਪਾਣੀ ਵਿੱਚ ਪੈਦਾ ਹੁੰਦਾ ਹੈ । ਆਪਣੇ ਘਰਾਂ ਵਿੱਚ ਅਤੇ ਘਰਾਂ ਦੇ ਆਲ਼ੇ ਦੁਆਲ਼ੇ ਪਾਣੀ ਨਹੀਂ ਖੜ੍ਹਾ ਹੋਣ ਦੇਣਾ ਚਾਹੀਦਾ। ਕੋਈ ਵੀ ਬੁਖਾਰ ਹੋਵੇ, ਡਾਕਟਰ ਦੀ ਸਲਾਹ ਤੋਂ ਬਿਨਾਂ ਕੋਈ ਦਵਾਈ ਨਹੀਂ ਖਾਣੀ ਚਾਹੀਦੀ। ਇਸ ਮੌਕੇ ਪਰਮਿੰਦਰ ਕੌਰ, ਸੁਮਨ ਐਰੀ, ਰੀਟਾ ਰਾਣੀ, ਸ਼ਸ਼ੀ ਬਾਲਾ ਆਸ਼ਾ ਵਰਕਰਾਂ ਅਤੇ ਨਰਸਿੰਗ ਸਟੂਡੈਂਟਸ ਨੇ ਕੂਲਰ , ਫਰਿੱਜ ਦੀਆਂ ਟਰੇਅਾਂ, ਗ਼ਮਲੇ, ਕੰਟੈਨਰ, ਟਾਇਰਾਂ ਆਦਿ ਵਿੱਚ ਲਾਰਵਾ ਚੈੱਕ ਕੀਤਾ ਗਿਆ ਅਤੇ ਨਾਲ ਨਾਲ ਜਾਣਕਾਰੀ ਵਾਲੇ ਪੈਂਫਲਿਟ ਵੀ ਵੰਡੇ। ਸਰਪੰਚ ਵਿਨੇ ਕੁਮਾਰ ਤੋਂ ਇਲਾਵਾ ਆਂਗਣਵਾੜੀ ਵਰਕਰਾਂ ਤੇ ਹੋਰ ਵੀ ਬਹੁਤ ਸਾਰੇ ਸੱਜਣਾਂ ਨੇ ਸਹਿਯੋਗ

ਕਿਰਤ ਵਿਭਾਗ ਹੁਸ਼ਿਆਰਪੁਰ ਪਹਿਲੀ ਵਾਰ ਕਰੇਗਾ ਫਾਸਟ ਟਰੈਕ ਕੋਰਟ ਦਾ ਆਯੋਜਨ - ਕੰਗ

ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਸਹਾਇਕ ਕਿਰਤ ਕਮਿਸ਼ਨਰ ਦੇ ਦਫ਼ਤਰ ਵਿਚ ਲੰਬਿਤ ਮਾਮਲਿਆਂ ਦੇ ਨਿਪਟਾਰੇ ਲਈ 13 ਮਈ ਤੋਂ ਪਹਿਲੀ ਵਾਰ ਫਾਸਟ ਟਰੈਕ ਕੋਰਟ ਦਾ ਆਯੋਜਨ ਕੀਤਾ ਜਾਵੇਗਾ। ਇਹ ਜਾਣਕਾਰੀ ਦਿੰਦਿਆਂ ਸਹਾਇਕ ਕਿਰਤ ਕਮਿਸ਼ਨਰ ਹੁਸ਼ਿਆਰਪੁਰ ਜਸ਼ਨਦੀਪ ਸਿੰਘ ਕੰਗ ਨੇ ਦੱਸਿਆ ਕਿ ਇਹ ਅਦਾਲਤ ਹਰੇਕ ਮੰਗਲਵਾਰ ਨੂੰ ਦੁਪਹਿਰ 3:30 ਵਜੇ ਤੋਂ ਸ਼ੁਰੂ ਹੋਵੇਗੀ ਅਤੇ ਆਮ ਅਦਾਲਤੀ ਘੰਟਿਆਂ ਦੇ ਸਮਾਨਾਂਤਰ ਕੰਮ ਕਰੇਗੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਦਫ਼ਤਰ ਨੇ ਉਨ੍ਹਾਂ ਮਾਮਲਿਆਂ ਦੀ ਪਛਾਣ ਕੀਤੀ ਹੈ, ਜੋ 2 ਸਾਲਾਂ ਤੋਂ ਵੱਧ ਸਮੇਂ ਤੋਂ ਲੰਬਿਤ ਹਨ ਅਤੇ ਇਨ੍ਹਾਂ ਮਾਮਲਿਆਂ ਨੂੰ ਹੁਣ ਫਾਸਟ-ਟਰੈਕ ਮੋਡ ਵਿਚ ਨਜਿੱਠਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਪਹਿਲੇ ਪੜਾਅ ਵਿਚ ਗ੍ਰੈਚੁਟੀ ਭੁਗਤਾਨ ਐਕਟ 1972 ਦੇ ਤਹਿਤ 12 ਮਾਮਲਿਆਂ ਦੀ ਪਛਾਣ ਕੀਤੀ ਗਈ ਹੈ, ਜੋ ਦੋ ਸਾਲਾਂ ਤੋਂ ਵੱਧ ਸਮੇਂ ਤੋਂ ਲੰਬਿਤ ਹਨ। ਇਸ ਤੋਂ ਬਾਅਦ, ਕਰਮਚਾਰੀ ਮੁਆਵਜ਼ਾ ਐਕਟ 1923, ਤਨਖਾਹ ਭੁਗਤਾਨ ਐਕਟ 1936 ਅਤੇ ਘੱਟੋ-ਘੱਟ ਉਜਰਤਾਂ ਐਕਟ 1948 ਦੇ ਤਹਿਤ ਦੋ ਸਾਲਾਂ ਤੋਂ ਵੱਧ ਸਮੇਂ ਤੋਂ ਲੰਬਿਤ ਮਾਮਲਿਆਂ ਨੂੰ ਵੀ ਇਸੇ ਤਰ੍ਹਾਂ ਨਿਪਟਾਰਾ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਸੁਣਵਾਈਆਂ ਹਫਤਾਵਾਰੀ ਆਧਾਰ 'ਤੇ ਕੀਤੀਆਂ ਜਾਣਗੀਆਂ ਅਤੇ ਕਾਰਵਾਈ ਸਮਾਂਬੱਧ ਹੋਵੇਗੀ। ਇਹ ਕਦਮ ਮਜ਼ਦੂਰਾਂ ਦੀ ਭਲਾਈ ਅਤੇ ਨਿਆਂ ਦੀ ਤੇਜ਼ੀ ਨਾਲ ਵਿਵਸਥਾ ਨੂੰ ਯਕੀਨੀ ਬਣਾਉਣ ਲਈ ਚੁੱਕਿਆ ਗਿਆ ਹੈ।

ਹਸਪਤਾਲ ਬੰਗਾ ਵਿਖੇ ਮਮਤਾ ਦਿਵਸ ਮਨਾਇਆ ਗਿਆ

ਬੰਗਾ (ਚਰਨਜੀਤ ਸੱਲ੍ਹਾ) ਡਾ ਗੁਰਿੰਦਰਜੀਤ ਸਿੰਘ ਸਿਵਲ ਸਰਜਨ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡਾ ਜਸਵਿੰਦਰ ਸਿੰਘ ਐਸ ਐਮ ਓ ਸਿਵਲ ਹਸਪਤਾਲ ਬੰਗਾ ਦੀ ਅਗਵਾਈ ਹੇਠ ਅੱਜ ਸਿਵਲ ਹਸਪਤਾਲ ਬੰਗਾ ਵਿਖੇ ਮਮਤਾ ਦਿਵਸ ਮਨਾਇਆ ਗਿਆ। ਇਸ ਵਿੱਚ ਜਨਮ ਤੋਂ ਲੈਕੇ 16 ਸਾਲ ਦੀ ਉਮਰ ਤੱਕ ਦੇ ਬੱਚਿਆਂ ਅਤੇ ਗਰਭਵਤੀ ਔਰਤਾਂ ਦੇ ਟੀਕੇ ਲਗਾਏ ਗਏ। ਉਹਨਾਂ ਨੂੰ ਆਇਰਨ ਫੋਲਿਕ ਐਸਿਡ ਅਤੇ ਕੈਲਸ਼ੀਅਮ ਦੀਆਂ ਗੋਲੀਆਂ ਵੰਡੀਆਂ ਗਈਆਂ, ਪੌਸ਼ਟਿਕ ਖੁਰਾਕ ਖਾਣ ਬਾਰੇ ਜਾਣਕਾਰੀ ਦਿੱਤੀ ਗਈ। ਡਰਿੱਵਰੀ ਸਰਕਾਰੀ ਹਸਪਤਾਲ ਵਿੱਚ ਕਰਵਾਉਣ ਲਈ ਵੀ ਕਿਹਾ ਗਿਆ। ਇਸ ਮੌਕੇ ਤੇ ਮੈਡਮ ਮਨਜੀਤ ਕੌਰ ਹੈਲਥ ਸੁਪਰਵਾਈਜਰ ਫੀਮੇਲ, ਬਲਵੀਰ ਕੌਰ ਅਤੇ ਸੁਖਦੇਵ ਕੌਰ ਏ ਐਨ ਐਮ, ਜਗਜੀਤ ਕੌਰ , ਸੀਮਾ, ਜਸਪ੍ਰੀਤ , ਪੂਜਾ, ਪਰਮਜੀਤ, ਸੁਨੀਤਾ, ਗੁਰਬਖਸ਼ ਕੌਰ ਅਤੇ ਸੰਦੀਪ ਕੌਰ ਆਸ਼ਾ ਵਰਕਰ ਹਾਜ਼ਰ ਸਨ।

ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਵਲੋਂ "ਆਪ੍ਰੇਸ਼ਨ ਸੰਧੂਰ" ਦੀ ਸਫਲਤਾ ਦੀ ਭਾਰਤੀ ਸੈਨਾ ਵਧਾਈ ਦੀ ਪਾਤਰ ਹੈ - ਪ੍ਰਧਾਨ ਸਤੀਸ਼ ਕੁਮਾਰ ਸੋਨੀ

ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ) ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਭਾਰਤੀ ਸੈਨਾ ਦੁਆਰਾ ਕੀਤੇ ਗਏ ਆਪ੍ਰੇਸ਼ਨ ਸਿੰਧੂਰ ਦੀ ਸਫਲਤਾ ਤੇ ਪੂਰੇ ਦੇਸ਼ ਨੂੰ ਅਤੇ ਭਾਰਤੀ ਸੈਨਾ ਦੀਆਂ ਤਿੰਨਾਂ ਇਕਾਈਆਂ ਨੂੰ ਵਧਾਈ ਦਿੰਦੀ ਹੈ। ਪ੍ਰੈਸ ਨਾਲ ਵਾਰਤਾ ਦੌਰਾਨ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਦੇ ਸੰਸਥਾਪਕ ਪ੍ਰਧਾਨ ਸਤੀਸ਼ ਕੁਮਾਰ ਸੋਨੀ ਨੇ ਕਿਹਾ ਕਿ ਪਿਛਲੇ ਦਿਨੀਂ 22 ਅਪ੍ਰੈਲ 2025 ਨੂੰ ਪਹਿਲਗਾਮ ਵਿੱਚ ਹੋਏ ਆਤੰਕੀ ਹਮਲੇ ਦੌਰਾਨ ਦੇਸ਼ ਦੇ ਵੱਖ ਵੱਖ ਖੇਤਰਾਂ ਚੋ ਆਏ 28 ਸੈਲਾਨੀਆਂ ਦਾ ਆਤੰਕੀਆਂ ਨੇ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਸੀ। ਜਿਸ ਦੇ ਜਵਾਬ ਕੇਂਦਰ ਸਰਕਾਰ ਵਲੋ ਤਿੰਨੋ ਸੈਨਾਵਾਂ ਦੇ ਮੁਖੀਆਂ ਨਾਲ ਮੀਟਿੰਗ ਕਰਕੇ ਖੁਫੀਆ ਪਲਾਨ ਬਣਾਇਆ, ਜਿਸ ਦਾ ਨਾਮ ਆਪ੍ਰੇਸ਼ਨ ਸਿੰਧੂਰ ਰੱਖਿਆ ਗਿਆ ਅਤੇ ਜਿਸ ਨਾਲ ਪਿਛਲੇ ਦਿਨੀਂ ਭਾਰਤੀ ਸੈਨਾ ਨੇ ਪਾਕਿਸਤਾਨ ਚ ਆਤੰਕੀਆਂ ਦੇ ਨੌਂ ਠਿਕਾਣੇ ਨੇਸਤਣਾ ਬੂਤ ਕਰ ਦਿੱਤੇ। ਸਾਨੂੰ ਆਪਣੀਆਂ ਤਿੰਨੋ ਸੈਨਾਵਾਂ ਤੇ ਮਾਣ ਹੈ। ਇਹ ਆਪ੍ਰੇਸ਼ਨ ਸਮੇਂ ਦੀ ਜ਼ਰੂਰਤ ਵੀ ਸੀ, ਕੁਛ ਵਿਦੇਸ਼ੀ ਤਾਕਤਾਂ ਸਾਡੇ ਦੇਸ਼ ਨੂੰ ਕਮਜੋਰ ਕਰਨਾ ਚਾਹੁੰਦੀਆਂ ਹਨ ਜਿਹਨਾਂ ਨੂੰ ਜਵਾਬ ਦੇਣਾ ਬਣਦਾ ਸੀ ,ਜੋ ਕਿ ਭਾਰਤੀ ਸੈਨਾ ਵਲੋਂ ਬਾਖੂਬੀ ਦਿੱਤਾ ਗਿਆ। ਸਾਡਾ ਦੇਸ਼ ਪੂਰੀ ਤਰ੍ਹਾਂ ਏਕਜੁਟ ਹੈ ਅਤੇ ਆਪਣੀ ਸੈਨਾ ਦੇ ਜਵਾਨਾਂ ਨਾਲ ਮਜ਼ਬੂਤੀ ਨਾਲ ਖੜਾ ਹੈ। ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਦੇਸ਼ ਵਾਸੀਆਂ ਨੂੰ ਕਹਿਣਾ ਚਾਹੁੰਦੀ ਹੈ ਕਿ ਘਬਰਾਉਣ ਦੀ ਲੋੜ ਨਹੀਂ ਹੈ ,ਸਾਡਾ ਦੇਸ਼ ਹਰ ਪੱਖੋਂ ਮਜ਼ਬੂਤ ਹੈ ਸਾਨੂੰ ਵੀ ਮਜ਼ਬੂਤੀ ਨਾਲ ਸੈਨਿਕ ਵੀਰਾਂ ਨਾਲ ਖੜੇ ਹੋਣਾ ਪਵੇਗਾ ਤਾਂ ਹੀ ਦੁਸ਼ਮਣਾ ਨੂੰ ਮਾਤ ਦਿੱਤੀ ਜਾ ਸਕਦੀ ਹੈ।

ਖੇਡ ਲੇਖਕ ਸਰਬਜੀਤ ਮੰਗੂਵਾਲ ਦੇ ਘਰ ਅਨੰਦਪੁਰ ਸਾਹਿਬ ਤੋਂ ਸੁਰਿੰਦਰ ਕੁਮਾਰ ਮਿਲਣ ਲਈ ਆਏ

ਬੰਗਾ (ਚਰਨਜੀਤ ਸੱਲ੍ਹਾ) ਫੁੱਟਬਾਲ ਕੋਚ ਤੇ ਖੇਡ ਲੇਖਕ ਸਰਬਜੀਤ ਮੰਗੂਵਾਲ ਨੇ ਦੱਸਿਆ ਕਿ ਕੱਲ ਸਾਨੂੰ ਮਿਲਣ ਲਈ ਅਨੰਦਪੁਰ ਸਾਹਿਬ ਦੀ ਧਰਤੀ ਦੇ ਜੰਮਪਲ ਸੁਰਿੰਦਰ ਕੁਮਾਰ (ਐਮ ਸੀ ਐਮ) ਰੇਲ ਕੋਚ ਫੈਕਟਰੀ ਕਪੂਰਥਲਾ ਦੇ ਮੁਲਾਜ਼ਮ ਆਪਣੀ ਪਤਨੀ ਅਨੀਤਾ ਸ਼ਰਮਾ ਸਮੇਤ ਵਿਸ਼ੇਸ਼ ਤੌਰ ਤੇ ਸਾਨੂੰ ਮਿਲਣ ਲਈ ਮੇਰੇ ਪਿੰਡ ਆਏ। ਫੁੱਟਬਾਲ ਖੇਡ ਦੀ 'ਦਸ਼ਾ ਤੇ ਦਿਸ਼ਾ' ਅਤੇ ਮੌਜੂਦਾ ਖਿਡਾਰੀਆਂ ਬਾਰੇ ਕਾਫੀ ਸਮਾਂ ਗੱਲਬਾਤ ਹੋਈ। ਉਨ੍ਹਾਂ ਕਿਹਾ ਕਿ ਰੇਲ ਕੋਚ ਫੈਕਟਰੀ ਵਿੱਚ ਪ੍ਰੋ ਰੇਨੂ ਬਾਲਾ ਨੇ ਸਾਨੂੰ ਆਪ ਦੀ ਲਿਖੀ ਹੋਈ 'ਫੁੱਟਬਾਲ ਦੇ ਅੰਗ-ਸੰਗ'ਬੁਕ ਪੜ੍ਹਨ ਲਈ ਦਿੱਤੀ ਸੀ ਜਿਸ ਨੂੰ ਪੜ੍ਹ ਕੇ ਅਸੀਂ ਬਹੁਤ ਪ੍ਰਭਾਵਿਤ ਹੋਏ ਹਾਂ ਤੇ ਉਦੋਂ ਤੋਂ ਹੀ ਅਸੀਂ ਆਪ ਨੂੰ ਮਿਲਣ ਦੇ ਚਾਹਵਾਨ ਸਾਂ। ਇਸ ਸਮੇਂ ਉਨ੍ਹਾਂ ਨੇ ਕਿਤਾਬ ਲੈਣ ਦੀ ਇੱਛਾ ਵੀ ਪ੍ਰਗਟਾਈ। ਇਸ ਲਈ ਮੈ ਉਨ੍ਹਾਂ ਨੂੰ 'ਫੁੱਟਬਾਲ ਦੇ ਅੰਗ-ਸੰਗ' ਕਿਤਾਬ ਗਿਫਟ ਵੀ ਕੀਤੀ। ਇਸ ਮੌਕੇ ਮੈਡਮ ਸੁਨੀਤਾ ਸ਼ਰਮਾ ਅਤੇ ਸਾਡਾ ਛੋਟਾ ਹੀਰਾ ਰਾਇਨ ਸ਼ਰਮਾ ਵੀ ਮੌਜੂਦ ਰਹੇ।

ਆਮ ਖ਼ਾਸ ਦਾ ਫ਼ਰਕ

ਕੁੱਝ ਬਾਬਿਆਂ ਨੇ ਯੋਗ ਵੇਚ 'ਤਾ
ਕੁੱਝ ਆਗੂਆਂ ਨੇ ਧਰਮ ।
ਕੁੱਝ ਨੇਤਾ ਕਰ ਗਏ ਦਲਾਲੀ
ਰੱਤਾ ਨਾ ਕੀਤੀ ਸ਼ਰਮ ।
ਕਈ ਬਦਲਾਅ ਦਾ ਨਾਅਰਾ ਦੇ ਕੇ
ਬਣ ਗਏ ਆਮ ਤੋਂ ਖ਼ਾਸ ;
ਪਰ ਲੋਕ ਆਮ ਦੇ ਆਮ ਰਹਿ ਗਏ
ਕਹਿਣ ਫੁੱਟ ਗਏ ਕਰਮ ।

ਮੂਲ ਚੰਦ ਸ਼ਰਮਾ
ਪ੍ਰਧਾਨ, ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ।
9914836037

ਗ਼ਜ਼ਲ



ਮੁਹੱਬਤ ਵੀ ਵਿਸ਼ਾ ਹੈ ਪਰ ਬਥੇਰੇ ਹੋਰ ਵੀ ਨੇ।
ਵਿਛੋੜੇ ਤੋਂ ਭਿਆਨਕ ਡਰ ਬਥੇਰੇ ਹੋਰ ਵੀ ਨੇ।
ਪਿਸੇ ਹਾਲਾਤ ਦੀ ਚੱਕੀ 'ਚ ਆਪਾਂ ਹੀ ਨਹੀਂ ਹਾਂ,
ਜਿਨ੍ਹਾਂ ਦਾ ਘਾਟ ਹੈ ਨਾ ਘਰ ਬਥੇਰੇ ਹੋਰ ਵੀ ਨੇ।
ਜਿਨ੍ਹਾਂ ਨੇ ਖ਼ੁਦਕੁਸ਼ੀ ਕੀਤੀ ਬਣੇ ਨੇ ਖ਼ਬਰ ਓਹੀ,
ਬਿਨਾਂ ਮਰਿਆਂ ਰਹੇ ਜੋ ਮਰ ਬਥੇਰੇ ਹੋਰ ਵੀ ਨੇ।
ਹਵਾ ਦਾ ਰੁਖ਼ ਜ਼ਮਾਨਾ ਦੇਖਦਾ ਹੈ, ਜਾਣਦੇ ਹਾਂ,
ਅਜੇ ਵੀ ਨਾ ਭਿੜੇ ਜੋ ਦਰ ਬਥੇਰੇ ਹੋਰ ਵੀ ਨੇ।
ਕਦੇ ਨਾ ਦੇਣ ਬੇਦਾਵੇ ਮੁਕਾਇਆਂ ਮੁੱਕਣੇ ਨਾ,
ਤੁਰੇ ਜੋ ਸਿਰ ਤਲੀ 'ਤੇ ਧਰ ਬਥੇਰੇ ਹੋਰ ਵੀ ਨੇ।
ਬੜਾ ਬੇਦਰਦ ਹੋ ਕੇ ਤੋੜਿਐ, ਨਾ ਸੋਚਿਆ ਤੂੰ,
ਪਰਾਂ ਦੇ ਬਾਝ ਹੁੰਦੇ ਪਰ ਬਥੇਰੇ ਹੋਰ ਵੀ ਨੇ।
ਹਮੇਸ਼ਾ ਜੂਝਦੇ 'ਜ਼ਖ਼ਮੀ' ਰਹੇ ਨੇ ਸ਼ਿਅਰ ਮੇਰੇ,
ਇਨ੍ਹਾਂ ਨੂੰ ਦੇਖ ਨਾ ਬੁੱਕ-ਭਰ ਬਥੇਰੇ ਹੋਰ ਵੀ ਨੇ।

ਕਰਮ ਸਿੰਘ ਜ਼ਖ਼ਮੀ
ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:)
ਸੰਪਰਕ: 98146-28027

ਮੋਦੀ ਜੀ ਰਹਿਣ ਦਿਓ

ਮੋਦੀ ਜੀ ਤੁਸੀਂ ਰਹਿਣ ਦਿਓ,,,,,
ਪਾਕ ਜੋ ਕਹਿੰਦਾ ਉਨ੍ਹੂੰ ਕਹਿਣ ਦਿਓ,,
ਸੱਜ ਵਿਆਹੀਆਂ ਤਰਲੇ ਪਾਉਂਦੀਆਂ
ਨਾਂ ਤੜਵਾਓ ਵੰਗਾਂ ਨੂੰ,,,,,,,,
ਤੁਸੀਂ ਯੁੱਗ ਯੁੱਗ ਕਰੋ ਤਰੱਕੀਆਂ
ਨਾਂ ਛੇੜੋ ਇਹਨਾਂ ਜੰਗਾ ਨੂੰ,,,,,,,
ਚੁਪ ਚੁਪੀਤੇ ਘਰ ਜਾਕੇ ਤੁਸੀਂ ਫੜਲੋ,
ਜਿਹੜੇ ਦੋਸ਼ੀ,,,,,,,,,,,,
ਸਜ਼ਾ ਦਿਓ ਉਹਨਾਂ ਨੂੰ ਜਿਹੜੇ
ਭਾਈ ਆਰੋਪੀ,,,,,,,,,,,
ਨੁਕਸਾਨ ਹੋਵੇ ਨਾ ਲੋਕਾਂ ਦਾ,,,,,,,
ਨੱਥ ਪਾ ਦਿਓ ਭੰਡਾਂ ਨੂੰ,,,,,,,,,
ਤੁਸੀਂ ਯੁੱਗ ਯੁੱਗ ਕਰੋ ਤਰੱਕੀਆਂ,,
ਨਾਂ ਛੇੜੋ ਇਹਨਾਂ ਜੰਗਾ ਨੂੰ,,,,,
ਆਪਣਾਂ ਵੀ ਨੁਕਸਾਨ ਹੋਣਾ,,,,,,
ਕਈ ਪੁੱਤ ਮਾਵਾਂ ਦੇ ਮਰਨੇ,,,,,
ਗੋਲੀਆਂ ਬੰਬ ਬੰਦੂਕਾਂ ਨੇ ਫਰਕ,,
ਕੋਈ ਨਹੀਂ ਕਰਨੇ,,,,,
ਗੁਰਮੀਤ ਕਹੇ ਤੁਸੀਂ ਨਾਂ ਮਾਰੋ
ਸਾਡੀਆਂ ਰੀਝਾਂ ਅਤੇ ਉਮੰਗਾਂ ਨੂੰ
ਤੁਸੀਂ ਯੁੱਗ ਯੁੱਗ ਕਰੋ ਤਰੱਕੀਆਂ,,,,
ਨਾਂ ਛੇੜੋ ਇਹਨਾਂ ਜੰਗਾ ਨੂੰ,,,,

ਗੁਰਮੀਤ ਡੁਮਾਣਾ
ਲੋਹੀਆਂ ਖਾਸ
ਜਲੰਧਰ
76528 16074

ਕਿੱਥੇ ਵਸਦਾ?

ਨਾ ਮੰਦਰਾਂ ਚ' ਨਾ ਮਸਜਿਦਾਂ ਚ'ਨਾ ਚਰਚ ਚ' ਤੇਰਾ ਵਾਸ ਹੁੰਦਾ,
ਤੈਨੂੰ ਕੋਈ ਪੱਥਰਾਂ ਚ' ਲੱਭਦਾ ਕੋਈ ਕਹਿੰਦਾ ਦਿਲਾਂ ਚ ਤੇਰਾ ਅਹਿਸਾਸ ਹੁੰਦਾ,
ਮੇਰੀ ਇੱਕ ਕੋਸ਼ਿਸ਼ ਤੈਨੂੰ ਲੱਭਣ ਦੀ ਨਾ ਹੁੰਦੀ" ਜੇ ਤੂੰ ਐਨਾ ਨਾ ਖ਼ਾਸ ਹੁੰਦਾ,
ਸਦਾ ਦਿਲ ਦੀ ਸੁਣੋਂ ਫਿਰ ਨਾ ਕਦੇ ਕਹਿੰਦੇ ਚਿਹਰਾ ਕਦੇ ਉਦਾਸ ਹੁੰਦਾ,
ਨਾ ਕੋਈ ਚਿਹਰਾ ਹੈ ਤੇਰਾ ਨਾ ਕੋਈ ਰੂਹ ਹੈ ਤੇਰੀ ਨਾ ਕੋਈ ਤੇਰਾ ਲਿਬਾਸ ਹੁੰਦਾ,
ਦਿਲ ਵਿੱਚ ਜੇ ਤੇਰਾ ਘਰ ਹੁੰਦਾ ਫਿਰ ਨਾ ਮੇਰੇ ਤੋਂ ਕਦੇ ਬੇਇਨਸਾਫ਼ ਹੁੰਦਾ,
ਤੈਨੂੰ ਅੰਦਰ ਹੀ ਅੰਦਰ ਲੱਭਣ ਦੀ ਕੋਸ਼ਿਸ਼ ਕਦੇ ਨਾ ਕਰਦੇ,
ਜੇ ਤੇਰੀ ਹੋਂਦ ਤੇ ਨਾ ਮੈਨੂੰ ਏਨਾ ਅਟੁੱਟ ਵਿਸ਼ਵਾਸ ਹੁੰਦਾ,
ਨਾ ਮੰਦਰਾਂ ਚ' ਨਾ ਮਸਜਿਦਾਂ ਚ' ਨਾ ਚਰਚ ਚ' ਤੇਰਾ ਵਾਸ ਹੁੰਦਾ॥

ਮੰਜੂ ਰਾਇਕਾ
ਪਿੰਡ ਭਿੰਡਰਾਂ।
ਸੰਗਰੂਰ।

ਗੀਤ

ਇਹ ਸੁਣੋਂ ਬੇਨਤੀ,
ਮੋਦੀ ਜੀ।
ਕਿੱਥੇ ਗਈ ਅਕਲ ਏ,
ਥੋਡੀ ਜੀ।
ਹੁਣ ਅਮਨ ਸ਼ਾਂਤੀ ਰਹਿਣ ਦੇਵੋ,
ਨਾ ਰੰਗ ਵਿੱਚ ਪਾਵੋ ਭੰਗਾਂ ਨੂੰ।
ਸਾਨੂੰ 65, 71 ਅਜੇ ਭੁੱਲੀਂ
ਨਹੀਂ,
ਤੁਸੀਂ ਨਾ ਛੇੜੋ ਇਹ ਜੰਗਾਂ ਨੂੰ।
ਸਾਨੂੰ 65, 71
ਅਜੇ,,,,,,,,,,,,,,,,,,,,,

ਇਹ ਹਿੰਦ ਪਾਕ ਦਾ,
ਮਸਲਾ ਏ।
ਹੱਲ ਕਰਦਾ ਨਹੀਉਂ,
ਅਸਲਾ ਏ।
ਪਿਆਰਾਂ ਬਹਿ ਕੇ ਨਿੱਬੜ ਲਵੋ,
ਕਿਉਂ ਡਾਰ ਬਣਾਉਂਦੇ ਖੰਭਾਂ ਨੂੰ।
ਸਾਨੂੰ 65, 71 ਅਜੇ ਭੁੱਲੀਂ
ਨਹੀਂ,
ਤੁਸੀਂ ਨਾ ਛੇੜੋ ਜੀ ਜੰਗਾਂ ਨੂੰ।
ਸਾਨੂੰ 65, 71
ਅਜੇ,,,,,,,,,,,,,,,,,,,,,,,,

ਥੋਡਾ ਕੀ ਜਾਂਦਾ,
ਸਰਕਾਰਾਂ ਦਾ।
ਸਾਡਾ ਖਿਆਲ ਕਰੋ,
ਪਰਿਵਾਰਾਂ ਦਾ।
ਕਿਉਂ ਭੇਂਟ ਚੜਾਉਂਦੇ ਤੋਪਾਂ ਦੀ,
ਸਾਡੇ ਰੀਝਾਂ ਅਤੇ ਉਮੰਗਾਂ ਨੂੰ।
ਸਾਨੂੰ 65, 71 ਅਜੇ ਭੁੱਲੀਂ
ਨਹੀਂ,
ਤੁਸੀਂ ਨਾ ਰੋਕ ਦਿਉਂ ਏ ਜੰਗਾਂ
ਨੂੰ।
ਸਾਨੂੰ 65,
71,,,,,,,,,,,,,,,,,,,,,,,,,,,,
,,,,,,,,,,,,,,,,

ਪੁੱਤ ਮਾਵਾਂ ਦੇ,
ਰਾਖ਼ੀ ਕਰਦੇ ਨੇ।
ਬੜੇ ਮਰਜਾਣੇ,
ਜਿਹੇ ਮਰਦੇ ਨੇ।
ਸਾਡੇ ਹੱਥ ਕਲਮ ਨੂੰ ਰਹਿਣ
ਦੇਵੋ,
ਤੁਸੀਂ ਨਾ ਦੇਵੋਂ ਜੀ ਬੰਬਾਂ ਨੂੰ।
ਸਾਨੂੰ 65, 71 ਅਜੇ ਭੁੱਲੀਂ
ਨਹੀਂ,
ਤੁਸੀਂ ਨਾ ਕਰਵਾਉ ਜੰਗਾਂ ਨੂੰ।
ਸਾਨੂੰ 65, 71 ਅਜੇ
ਭੁੱਲੀਂ,,,,,,,,,,,,,,,,,,,,,,,,

ਸ਼ਾਇਰ
ਮਾਹੀਂ ਮਰਜਾਣਾ



ਮਿੱਟੀ

ਇਹ ਕੁਲਜੀਤ ਕੌਰ ਜੀਤ ਜੀ ਦਾ ਪਲੇਠਾ ਕਾਵਿ ਸੰਗ੍ਰਿਹ ਹੈ। ਇਸ ਨੂੰ ਸਾਹਿਤਯ ਕਲਸ਼ ਪਬਲੀਕੇਸ਼ਨ ਪਟਿਆਲਾ ਨੇ ਛਾਪਿਆ ਹੈ।ਇਸ ਕਾਵਿ ਸੰਗ੍ਰਿਹ ਦੇ ਕੁੱਲ 112 ਪੰਨੇ ਹਨ ਤੇ 61 ਰਚਨਾਵਾਂ ਹਨ।ਪੁਸਤਕ ਦਾ ਕਵਰ ਪੇਜ ਤੇ ਅੰਦਰੂਨੀ ਛਪਾਈ ਬਹੁਤ ਹੀ ਵਧੀਆ ਹੈ।ਕਵਰ ਪੇਜ ਦੇ ਉੱਤੇ ਪੰਜਾਬ ਦੇ ਖੇਤਾਂ ਦੀ ਮਿੱਟੀ ਦੀ ਤਸਵੀਰ ਹੈ ਜੋ ਕਿ ਇਸ ਪੁਸਤਕ ਦੇ ਸਿਰਲੇਖ ਨੂੰ ਸਾਰਥਕ ਕਰਦੀ ਹੈ।ਇਸ ਲਈ ਪਬਲੀਕੇਸ਼ਨ ਵਧਾਈ ਦੀ ਪਾਤਰ ਹੈ। ਹੁਣ ਗੱਲ ਕਰਾਂ ਪੁਸਤਕ ਵਿਚਲੀਆਂ ਰਚਨਾਵਾਂ ਦੀ ਤਾਂ ਲੇਖਿਕਾ ਨੇ ਲਗਭਗ ਸਾਰੇ ਹੀ ਵਿਸ਼ਿਆਂ ਨੂੰ ਛੋਹਿਆ ਹੈ ਚਾਹੇ ਉਹ ਪਰਿਵਾਰਕ ਸੰਬੰਧਾਂ ਦਾ ਟੁੱਟਣਾ ਹੋਵੇ ਚਾਹੇ ਸਮਾਜ ਵਿੱਚ ਫੈਲੀਆਂ ਬੁਰਾਈਆਂ ਜਿਵੇਂ ਭਰੂਣ ਹੱਤਿਆ, ਦਾਜ ਪ੍ਰਥਾ, ਨਸ਼ੇ, ਲੁੱਟ-ਖੋਹ ਅਤੇ ਸਿਆਸਤਦਾਨਾਂ ਦਵਾਰਾ ਕੀਤੀ ਜਾ ਰਹੀ ਨਿਜ਼ਾਮ ਦੀ ਲੁੱਟ ਆਦਿ। ਪਰ ਜੋ ਗੱਲ ਇਸ ਪੁਸਤਕ ਨੂੰ ਪੜ੍ਹਦੇ ਹੋਏ ਮੈਂ ਮਹਿਸੂਸ ਕੀਤੀ ਹੈ ਉਹ ਇਹ ਕਿ ਪੁਸਤਕ ਵਿਚਲੀਆਂ ਜ਼ਿਆਦਾਤਰ ਰਚਨਾਵਾਂ ਅਧਿਆਤਮ ਨਾਲ ਜੋੜਨ ਦਾ ਕੰਮ ਕਰਦੀਆਂ ਨੇ।ਪੁਸਤਕ ਦੀ ਪਹਿਲੀ ਰਚਨਾ ਤੋਂ ਲੈ ਕੇ ਅਖੀਰਲੀ ਰਚਨਾ ਤੱਕ ਇਹ ਗੱਲ ਮੈਨੂੰ ਮਹਿਸੂਸ ਹੋਈ ਹੈ।

'ਸ਼ਬਦ'ਕਵਿਤਾ ਵਿੱਚ ਲੇਖਿਕਾ ਨੇ ਸ਼ਬਦ ਦੀ ਮਹਿਮਾ ਦੱਸਦੇ ਹੋਏ ਨਾਲ ਨਾਲ ਗੁਰੂ ਪਰਿਵਾਰ ਦੀ ਵੀ ਮਹਿਮਾ ਗਾਈ ਹੈ।

'ਅੱਗ ਦੇ ਰੂਪ' ਕਵਿਤਾ ਵਿੱਚ ਚੁੱਲ੍ਹੇ ਦੀ ਅੱਗ ਤੋਂ ਸ਼ੁਰੂ ਕਰਕੇ ਅੰਤ ਸ਼ਮਸ਼ਾਨ ਤੱਕ ਅੱਗ ਦੇ ਵੱਖ-ਵੱਖ ਰੂਪਾਂ ਦਾ ਬਹੁਤ ਹੀ ਖੂਬਸੂਰਤ ਢੰਗ ਨਾਲ ਵਰਨਣ ਕੀਤਾ ਹੈ।

'ਪੰਜਾਬੀ ਬੋਲੀ' ਕਵਿਤਾ ਵਿੱਚ ਪੈਂਤੀ ਅੱਖਰਾਂ ਦੇ ਨਾਲ ਨਾਲ ਲਗਾਂ-ਮਾਤਰਾਂ ਨੂੰ ਵੀ ਬਹੁਤ ਸੋਹਣੇ ਢੰਗ ਨਾਲ ਪੇਸ਼ ਕੀਤਾ ਹੈ।

ਪੈਂਤੀ ਅੱਖਰਾਂ ਚ ਗੁੰਦੀ ਮੇਰੀ ਮਾਂ ਦੀ ਕਾਇਆ,
ਲਗਾਂ ਮਾਤਰਾਂ ਨੇ ਮਾਂ ਦਾ ਸ਼ਿੰਗਾਰ ਸਜਾਇਆ।

'ਚੋਲਾ' ਕਵਿਤਾ ਵਿੱਚ ਵੱਖ ਵੱਖ ਚੋਲਿਆਂ ਦੀ ਮਹੱਤਤਾ ਦੱਸਦੇ ਹੋਏ ਨਾਮ ਸਿਮਰਨ ਦਾ ਚੋਲਾ ਪਾਉਣ ਦੀ ਗੱਲ ਕੀਤੀ ਗਈ ਹੈ।

ਚੋਲਾ ਪਾਵੀਂ ਤੂੰ ਨਾਮ ਸਿਮਰਨ ਦਾ
ਰਹੂ ਸਹਾਈ ਜਿਹੜਾ ਜਾਂਦੀ ਵਾਰ।

'ਮਿੱਟੀ' ਕਵਿਤਾ ਵਿੱਚ ਇੱਕ ਔਰਤ ਦੀ ਤੁਲਨਾ ਮਿੱਟੀ ਨਾਲ ਕਰਦੀ ਹੋਈ ਲੇਖਿਕਾ ਆਖਦੀ ਹੈ

ਮੈਂ ਵੀ ਮਿੱਟੀ ਉਹ ਵੀ ਮਿੱਟੀ
ਇਕੋ ਸੀ ਸਾਡਾ ਪਰਿਵਾਰ
ਮੈਨੂੰ ਮਾਪੇ ਘਰ ਲੈ ਆਏ
ਉਹ ਵੱਸ ਪੈ ਗਈ ਘੁਮਿਆਰ।

'ਸਿਰਨਾਵਾਂ' ਕਵਿਤਾ ਵਿੱਚ ਔਰਤ ਦੇ ਜੀਵਨ ਦੀ ਤ੍ਰਾਸਦੀ ਨੂੰ ਬਿਆਨ ਕੀਤਾ ਗਿਆ ਹੈ।

ਪੈਰ ਧਰਿਆ ਸੀ ਜਵਾਨੀ ਦੀ ਦਹਿਲੀਜ਼ ਤੇ।
ਪਤਾ ਲੱਗਾ ਮੈਨੂੰ ਮੇਰੀ ਜ਼ਿੰਦਗੀ ਸੀ ਲੀਜ ਤੇ।

ਰਿਸ਼ਤੇ ਕਵਿਤਾ ਵਿੱਚ ਰਿਸ਼ਤਿਆਂ ਚ ਪਿਆਰ ਹੋਣ ਦੀ ਗੱਲ ਕਰਦੀ ਹੈ ਅਤੇ ਜੀਵਨ ਵਿੱਚ ਅੱਗੇ ਵਧਣ ਲਈ ਪਰਿਵਾਰ ਦਾ ਹੋਣਾ ਜਰੂਰੀ ਮੰਨਦੀ ਹੈ।

'ਦੀਵਾ' ਕਵਿਤਾ ਵੀ ਇਕ ਸਿਖਿਆ ਦਾਇਕ ਕਵਿਤਾ ਹੈ।

'ਕਿਤਾਬਾਂ' ਕਵਿਤਾ ਵਿੱਚ ਕਿਤਾਬਾਂ ਦੀ ਮਹੱਤਤਾ ਦਸਦੇ ਹੋਏ ਲੇਖਿਕਾ ਆਖਦੀ ਹੈ ਕਿ

ਕਿਤਾਬਾਂ ਹੁੰਦੀਆਂ ਗਿਆਨ ਭੰਡਾਰ
ਇਹਨਾਂ ਵਿੱਚ ਵਸਿਆ ਏ ਸੰਸਾਰ।

'ਮਦਾਰੀ' ਕਵਿਤਾ ਵਿੱਚ ਲੇਖਿਕਾ ਸਿਆਸਤਦਾਨਾਂ ਬਾਰੇ ਕੁੱਝ ਇੰਝ ਲਿਖਦੀ ਹੈ ਕਿ

ਆਉਣ ਮਦਾਰੀ ਡੁਗਡੁਗੀ ਲੈ ਕੇ
ਨਵਾਂ ਤਮਾਸ਼ਾ ਲਾ ਜਾਂਦੇ ਨੇ
ਪੰਜੀਂ ਸਾਲੀਂ ਆਉਣ ਦੁਬਾਰਾ
ਨਵਾਂ ਪੁਆੜਾ ਪਾ ਜਾਂਦੇ ਨੇ।

'ਬਿਮਾਰ ਸੋਚ' ਕਵਿਤਾ ਵਿੱਚ ਲੇਖਿਕਾ ਆਪਣੀ ਕਲਮ ਨੂੰ ਤਲਵਾਰ ਬਣਾਉਣ ਲਈ ਆਖਦੀ ਹੈ ਅਤੇ ਆਪਣੇ ਲਫਜ਼ਾਂ ਨਾਲ ਹਰ ਬੁਰਾਈ ਨੂੰ ਖਤਮ ਕਰਨ ਦੀ ਗੱਲ ਕਰਦੀ ਹੈ। ਇਸੇ ਤਰਾਂ ਹੀ ਬਾਕੀ ਸਭ ਕਵਿਤਾਵਾਂ ਵਿੱਚ ਵੀ ਅਜਿਹੇ ਵਿਸ਼ਿਆਂ ਦੀ ਹੀ ਝਾਤ ਦੇਖਣ ਨੂੰ ਮਿਲਦੀ ਹੈ।

ਕਵਿਤਾਵਾਂ ਦੀ ਭਾਸ਼ਾ ਬਹੁਤ ਸਰਲ ਤੇ ਸੌਖੀ ਹੈ ਜਿਸ ਨੂੰ ਹਰ ਪਾਠਕ ਬੜੀ ਆਸਾਨੀ ਨਾਲ ਸਮਝ ਸਕਦਾ ਹੈ। ਕੁੱਲ ਮਿਲਾ ਕੇ ਮੈਂ ਇਹੀ ਕਹਿਣਾ ਚਾਹੁੰਗਾ ਕਿ ਇਹ ਕਾਵਿ ਸੰਗ੍ਰਿਹ ਹਰ ਪਾਠਕ ਨੂੰ ਜਰੂਰ ਪੜਨਾ ਚਾਹੀਦਾ ਹੈ। ਅੰਤ ਵਿੱਚ ਮੈਂ ਕੁਲਜੀਤ ਕੌਰ ਜੀਤ ਜੀ ਨੂੰ ਉਹਨਾਂ ਦੇ ਪਲੇਠੇ ਕਾਵਿ ਸੰਗ੍ਰਿਹ ਦੀ ਬਹੁਤ ਬਹੁਤ ਮੁਬਾਰਕਬਾਦ ਦਿੰਦੇ ਹੋਏ ਰੱਬ ਅੱਗੇ ਇਹ ਅਰਦਾਸ ਕਰਦਾ ਹਾਂ ਕਿ ਉਹਨਾਂ ਦੀ ਕਲਮ ਇਸੇ ਤਰਾਂ ਹੀ ਸੱਚ ਦੀ ਪਹਿਰੇਦਾਰ ਬਣ ਕੇ ਮਾਂ ਬੋਲੀ ਦੀ ਸੇਵਾ ਕਰਦੀ ਰਹੇ ਅਤੇ ਉਹਨਾਂ ਦਾ ਸਫ਼ਰ ਇਸੇ ਤਰਾਂ ਹੀ ਜਾਰੀ ਰਹੇ।

ਅਮਿਤ ਕਾਦੀਆਂ

ਲੈਸਟਰ ਵਿਖੇ ਖਾਲਸਾ ਸਾਜਨਾ ਦਿਵਸ ਦੀ ਖੁਸ਼ੀ ਵਿੱਚ ਕਵੀ ਸਮੇਲਨ

ਸਮਾਜ ਵੀਕਲੀ ਯੂ ਕੇ-ਲੈਸਟਰ (ਤ੍ਰਲੋਚਨ ਸਿੰਘ ਵਿਰਕ)- ਲੈਸਟਰਸ਼ਾਇਰ ਦੇ ਪ੍ਰਸਿੱਧ ਗੁਰਦਵਾਰਾ ਸ਼੍ਰੀ ਗੁਰੂ ਹਰਕ੍ਰਿਸ਼ਨ ਸਾਹਿਬ, ਕੈਨਲਵਰਥ ਡਰਾਈਵ, ਓਡਬੀ ਵਿਖੇ ਐਤਵਾਰ 4 ਮਈ 2025 ਨੂੰ 12.15-2.00 ਦੁਪਿਹਰ ਬਾਅਦ ਇੱਕ ਵਿਸ਼ੇਸ਼ ਕਵੀ ਸਮੇਲਨ ਕਰਵਾਇਆ ਗਿਆ ਜਿੱਸ ਵਿੱਚ ਲੈਸਟਰ ਦੇ ਕਵੀ ਬਲਵੰਤ ਸਿੰਘ, ਰਾਮ ਸਿੰਘ ਫਰਵਾਲਾ, ਕਾਂਉਸਲਰ ਸੰਤੋਖ ਸਿੰਘ ਅਟਵਾਲ, ਮੋਹਿੰਦਰਪਾਲ ਸਿੰਘ, ਬੇਟੀ ਕਿਰਨਦੀਪ ਕੋਰ, ਬੀਬੀ ਜਸਵਿੰਦਰ ਕੌਰ, ਕੁਲਦੀਪ ਸਿੰਘ ਭਮਰਾ, ਭਾਈ ਦਰਸ਼ਨ ਸ਼ਿੰਘ ਅਤੇ ਗਿਆਨੀ ਦਲਜੀਤ ਸਿੰਘ ਜੀ ਨੇ ਭਾਗ ਲਿਆ। ਸਿੱਖ ਧਰਮ ਦੇ ਦਸਵੇਂ ਗੁਰੂ ਸਰਬੰਸਦਾਨੀ ਧੰਨ ਧੰਨ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਿੱਖਾਂ ਨੂੰ ਇੱਕ ਵੱਖਰੀ ਪਛਾਣ ਦੇਣ ਖਾਤਰ ਅੱਜ ਤੋਂ 326 ਸਾਲ ਪਹਿੱਲਾਂ 30 ਮਾਰਚ 1699 ਦੀ ਵੈਸਾਖੀ ਨੂੰ ਸ਼੍ਰੀ ਅਨੰਦਪੁਰ ਸਾਹਿਬ ਜੀ ਵਿਖੇ ਖਾਲਸਾ ਪੰਥ ਦੀ ਸਾਜਨਾ ਪੰਜ ਪਿਆਰਿਆਂ ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਮੋਹਕੋਮ ਸਿੰਘ, ਭਾਈ ਸਾਹਿਬ ਸਿੰਘ ਅਤੇ ਭਾਈ ਹਿੰਮਤ ਸਿੰਘ ਤੋਂ ਕਰਕੇ ਵਿਸ਼ਵ ਸੰਸਾਰ ਵਿੱਚ ਇੱਕ ਨਵੇਂ ਸਮਾਜ ਦੀ ਨੀਂਹ ਰੱਖੀ।

ਦੇਖਣ ਵਿੱਚ ਸਿੱਖ ਦੁਨੀਆ ਦੇ ਸਾਰੇ ਲੋਕਾਂ ਤੋਂ ਨਿਆਰੇ ਲੱਗਦੇ ਹਨ। ਇਹ ਇਸ ਲਈ ਕਿਉਂਕਿ ਸਿੱਖ ਸਰੀਰ ਦੇ ਵਾਲ ਨਹੀਂ ਕੱਟਦੇ, ਦਾਹੜੀ ਅਤੇ ਦਸਤਾਰ ਸਜਾ ਕੇ ਰੱਖਦੇ ਹਨ ਜੋ ਰੀਤ ਸਿੱਖ ਧਰਮ ਦੇ ਬਾਨੀ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਅਰੰਭ ਕੀਤੀ ਸੀ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਕੇ ਪੰਜ ਪਿਆਰਿਆ ਨੂੰ ਛਕਾਇਆ ਤਾਂ ਹਰ ਅੰਮ੍ਰਿਤਧਾਰੀ ਸਿੱਖ ਲਈ ਪੰਜ ਕੱਕਾਰ - ਕੇਸ, ਕੰਘਾ, ਕੜਾ, ਕਛਹਿਰਾ ਅਤੇ ਕਿਰਪਾਨ ਦਾ ਧਾਰਨੀ ਹੋਣਾ ਜਰੂਰੀ ਹੈ। ਉਪਰੋਕਤ ਪੰਜਾਂ ਕੱਕਾਰਾਂ ਨਾਲ ਖਾਲਸੇ ਦਾ ਰੂਪ ਪੂਰੀ ਤਰਾਂ ਦਿਰਸ਼ਟਮਾਨ ਹੁੰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਫਰਮਾਇਆ ਹੈ:

"ਖਾਲਸਾ ਮੇਰੋ ਰੂਪ ਹੈ ਖਾਸ,
ਖਾਲਸੇ ਮੈਂ ਹੂੰ ਕਰੂੰ ਨਿਵਾਸ ॥"

ਖਾਲਸੇ ਦਾ ਸੁਨਹਿਰੀ ਇਤਿਹਾਸ ਕੁਰਬਾਨੀਆਂ ਨਾਲ ਭਰਭੂਰ ਹੈ। ਸੰਸਰ ਵਿੱਚ ਜਿੱਥੇ ਕਿਤੇ ਭੀ ਖਾਲਸਾ ਜੀ ਵਾਸੇ ਹਨ ਉਥੇ ਉਥੇ ਹੀ ਦਸਮੇਸ਼ ਦੇ ਪੁੱਤਰਾਂ ਨੇ ਧਰਮ ਦੀ ਕਿਰਤ ਕਰਦਿਆਂ ਆਪਣੀ ਕੌਮ ਦਾ ਨਾਮ ਉੱਚਾ ਕੀਤਾ ਹੈ। ਖਾਲਸਾ ਜੀ ਸਤਿਗੁਰਾਂ ਨੇ ਵੈਸਾਖੀ ਪੁਰਬ ਦੇ ਆਗਮਨ ਦਿਹਾੜੇ ਪੰਜ ਪਿਆਰਿਆਂ ਦੀ ਸਾਜਨਾ ਕਰਕੇ ਜਾਤਾਂ ਪਾਤਾਂ ਤੇ ਛੂਆ ਛਾਤ ਦਾ ਭਿੰਨ ਭੇਟ ਮਿਟਾ ਦਿੱਤਾ। ਅੱਜ ਬਹੁੱਤ ਸਾਰੇ ਭੁੱਲੜ ਲੋਕ ਦਸਮੇਸ਼ ਪਿਤਾ ਜੀ ਦਾ ਸੰਦੇਸ਼ ਮਨੋਂ ਵਿਸਾਰਦੇ ਜਾ ਰਹੇ ਹਨ ਤੇ ਮੁੜ ਜਾਤਾਂ ਪਾਤਾਂ ਹਾਵੀ ਹੋ ਰਹੀਆਂ ਹਨ। ਸੱਚ ਅਤੇ ਏਕਤਾ ਖੰਭ ਲਾ ਕੇ ਉਡਦੇ ਜਾ ਰਹੇ ਹਨ।

ਵਿਦੇਸ਼ਾਂ ਵਿੱਚ ਅਸੀਂ ਤਦ ਹੀ ਬਚ ਸਕਾਂਗੇ ਜੇ ਜਾਤਾਂ ਪਾਤਾਂ ਤਿਆਗ ਕੇ ਸਤਿਗੁਰਾਂ ਦੇ ਦਰਸਾਏ ਮਾਰਗ ਤੇ ਚੱਲਾਂਗੇ:

ਮਾਨਸ ਕੀ ਜਾਤ ਸਬੈ ਏਕੋ ਪਹਿਚਾਨਬੋ।

ਆਓ, ਆਪਣਾ ਧਰਮ, ਆਪਣੀ ਮਾ-ਬੋਲੀ ਪੰਜਾਬੀ, ਆਪਣਾ ਸਮਾਜ ਅਤੇ ਆਪਣਾ ਇਤਿਹ-ਾਸ ਸੰਭਾਲੀਏ। ਆਪਸੀ ਭਾਈਚਾਰੇ ਤੇ ਏਕਤਾ ਦਾ ਸਬੂਤ ਦਈਏ ਅਤੇ ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਖਾਲਸਾ ਪੰਥ ਦਾ ਪੱਲਾ ਫੜੀਏ। ਫਿਰ ਦੁਨੀਆ ਦੀ ਕੋਈ ਭੀ ਤਾਕਤ ਸਾਨੂੰ ਨਿਵਾ ਨਹੀਂ ਸਕੇਗੀ।

ਕਵੀ ਸਮੇਲਨ ਦੇ ਅਖੀਰ ਵਿੱਚ ਗੁਰਦਵਾਰਾ ਸਾਹਿਬ ਜੀ ਵਲੋਂ ਸਮੂਹ ਕਵੀਆਂ ਦਾ ਸਰੋਪਾ ਦੀ ਬਖਸ਼ੀਸ਼ ਭੇਟ ਕਰਕੇ ਸਨਮਾਨਿੱਤ ਕੀਤਾ ਗਿਆ। ਗੁਰਦਵਾਰਾ ਸ਼੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦੇ ਮੁੱਖ ਸੇਵਾਦਾਰ ਭਾਈ ਹਰਜਿੰਦਰ ਸਿੰਘ ਜੀ ਨੇ ਸਟੇਜ ਤੋਂ ਬੋਲਦਿਆਂ ਸੱਭ ਨੂੰ ਖਾਲਸੇ ਦੇ ਸਾਜਨਾ ਦਿਵਸ ਦੀਆਂ ਵਧਾਈਆਂ ਅਤੇ ਕਵੀ ਸਮੇਲਨ ਦੇ ਪ੍ਰਬੰਧਕਾਂ ਅਤੇ ਗੁਰੂ ਜੀ ਦੀ ਪਿਆਰੀ ਸਾਧ ਸੰਗਤ ਜੀ ਦੇ ਸਿਹਯੋਗ ਦਾ ਧੰਨਵਾਦ ਕੀਤਾ।

ਲੋੜ ਹੈ ਨੌਜਵਾਨੀ ਨੂੰ ਵਿਸ਼ਵ, ਦੇਸ਼ ,ਸਮਾਜ ਪ੍ਰਤੀ ਆਪਣੇ ਫ਼ਰਜ਼ਾਂ ਪ੍ਰਤੀ ਜਾਗਰੂਕ ਹੋਣ ਦੀ

ਜ਼ਿੰਦਗੀ ਖ਼ੂਬਸੂਰਤ ਹੈ। ਸਾਨੂੰ ਜ਼ਿੰਦਗੀ ਦੇ ਹਰ ਪਲ ਦਾ ਆਨੰਦ ਮਾਨਣਾ ਚਾਹੀਦਾ ਹੈ। ਮਾਂ-ਬਾਪ ਦੇ ਕਿੰਨੇ ਹੀ ਅਰਮਾਨ ਹੁੰਦੇ ਹਨ ਕਿ ਕੱਲ ਨੂੰ ਉਹਨਾਂ ਦੀ ਔਲਾਦ ਪੜ੍ਹ ਲਿਖ ਕੇ ਸਮਾਜ ਦਾ ਨਾਂਅ ਰੌਸ਼ਨ ਕਰੇ। ਸਮਾਜ ਲਈ ਵਧੀਆ ਕੰਮ ਕਰੇ ਤਾਂ ਜੋ ਉਨ੍ਹਾਂ ਦਾ ਸਿਰ ਮਾਣ ਨਾਲ ਉੱਚਾ ਹੋਵੇ। ਵਿਚਾਰਨ ਵਾਲੀ ਗੱਲ ਹੈ ਤਕਰੀਬਨ ਕੁਝ ਸਮੇਂ ਤੋਂ ਨੌਜਵਾਨ ਪੀੜ੍ਹੀ ਕੁਰਾਹੇ ਪੈ ਗਈ ਹੈ । ਪੱਛਮੀ ਸੱਭਿਅਤਾ ਦਾ ਬਹੁਤ ਜ਼ਿਆਦਾ ਬੋਲ-ਬਾਲਾ ਹੈ। ਨੌਜ਼ਵਾਨੀ ਰਸਾਤਲ ਵੱਲ ਲਗਾਤਾਰ ਵੱਧ ਰਹੀ ਹੈ। ਨੌਜ਼ਵਨੀ ਭੈੜੀਆਂ ਆਦਤਾਂ ਦਾ ਸ਼ਿਕਾਰ ਹੋ ਚੁੱਕੀ ਹੈ। ਬੰਗਲਾਦੇਸ਼ ਵਿੱਚ ਉਥੋਂ ਦੇ ਨੌਜਵਾਨਾਂ ਨੇ ਆਪਣੇ ਦੇਸ਼ ਦੀ ਸੰਸਦ ਅਤੇ ਪ੍ਰਧਾਨ ਮੰਤਰੀ ਨਿਵਾਸ ਅੰਦਰ ਜੋ ਸ਼ਰਮਨਾਕ ਕੰਮ ਕੀਤਾ, ਉਹ ਬਹੁਤ ਹੀ ਨਿੰਦਣਯੋਗ ਹੈ। ਕਾਨੂੰਨ ਆਪਣੇ ਹੱਥ ਵਿੱਚ ਲੈਣ ਦਾ ਕਿਸੇ ਵੀ ਦੇਸ਼ ਦੇ ਨੌਜਵਾਨ ਨੂੰ ਕੋਈ ਵੀ ਹੱਕ ਨਹੀਂ ਹੈ। ਇਸ ਸਮੇਂ ਵਿਸ਼ਵ ਵਿੱਚ ਹਿੰਸਕ ਅੰਦੋਲਨਾਂ ਵਿੱਚ ਨੌਜਵਾਨਾਂ ਦੀ ਸ਼ਮੂਲੀਅਤ ਬਹੁਤ ਜ਼ਿਆਦਾ ਹੋ ਗਈ ਹੈ। ਨੌਜਵਾਨ ਉਸ ਮੁਲਕ ਦਾ ਸਰਮਾਇਆ ਹੁੰਦੇ ਹਨ।

ਸ਼ਰੇਆਮ ਕਾਨੂੰਨ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਬੁਲਟ ਮੋਟਰਸਾਇਕਲ ਤੇ ਚਾਰ- ਚਾਰ ਬੰਦੇ ਸ਼ਰੇਆਮ ਕਾਨੂੰਨ ਦੀਆਂ ਧੱਜੀਆਂ ਉਡਾਉਂਦੇ ਹੋਏ, ਖੁੱਲ੍ਹੇ ਸਾਈਲੈਂਸਰ ਨਾਲ ਪਟਾਖੇ ਫੋੜਦੇ ਆਮ ਦੇਖੇ ਜਾ ਸਕਦੇ ਹਨ। ਜਦੋਂ ਰਾਹਗੀਰ ਕੋਈ ਜਾ ਰਿਹਾ ਹੁੰਦਾ ਹੈ ਤਾਂ ਅਜਿਹੇ ਸ਼ਰਾਰਤੀ ਨੌਜਵਾਨ ਬੁੱਲਟ ਤੇ ਪਟਾਖੇ ਫੋੜਦੇ ਹਨ ਤਾਂ ਇਹਨਾਂ ਦੀ ਤੇਜ਼ ਆਵਾਜ਼ ਕਰਕੇ ਉਹ ਘਬਰਾ ਜਾਂਦਾ ਹੈ। ਕਈ ਵਾਰ ਉਹ ਬੇਹੋਸ਼ ਹੋ ਕੇ ਡਿੱਗ ਜਾਂਦਾ ਹੈ। ਅਜਿਹੀਆਂ ਖ਼ਬਰਾਂ ਆਮ ਸੁਣਦੇ ਹਾਂ। ਕਈ ਵਾਰ ਤਾਂ ਅਜਿਹਾ ਦੇਖਣ ਨੂੰ ਵੀ ਆਉਂਦਾ ਹੈ ਜਦੋਂ ਪੁਲਿਸ ਮੁਲਾਜ਼ਮ ਨਾਕਾ ਲਗਾ ਕੇ ਵਾਹਨਾਂ ਦੀ ਚੈਕਿੰਗ ਕਰ ਰਹੇ ਹੁੰਦੇ ਹਨ, ਤਾਂ ਅਜਿਹੇ ਸ਼ਰਾਰਤੀ ਨੌਜਵਾਨ ਜਿਨ੍ਹਾਂ ਕੋਲ ਗੱਡੀ ਦੇ ਪੇਪਰ ਜਾਂ ਡਰਾਈਵਿੰਗ ਲਾਇਸੰਸ ਬਿਲਕੁਲ ਵੀ ਨਹੀਂ ਹੁੰਦਾ। ਅਜਿਹੇ ਨੌਜਵਾਨ ਆਪਣਾ ਵ੍ਹੀਕਲ ਬਿਲਕੁਲ ਵੀ ਨਹੀਂ ਰੋਕਦੇ, ਸਗੋਂ ਪੁਲਿਸ ਆਲਿਆਂ ਦੇ ਉੱਪਰ ਹੀ ਚੜ੍ਹਾ ਕੇ ਉਨ੍ਹਾਂ ਨੂੰ ਜ਼ਖਮੀ ਕਰਨ ਦੀਆਂ ਖ਼ਬਰਾਂ ਅਸੀਂ ਆਮ ਸੁਣੀਆਂ ਹਨ । ਜਦੋਂ ਕਈ ਵਾਰ ਅਜਿਹੇ ਸ਼ਰਾਰਤੀ ਪੁਲੀਸ ਦੇ ਅੜਿੱਕੇ ਚੜ੍ਹ ਜਾਂਦੇ ਹਨ ਤਾਂ ਪੁਲਿਸ ਇਨ੍ਹਾਂ ਦਾ ਚਾਲਾਨ ਕੱਟਦੀ ਹੈ ਤੇ ਵਹੀਕਲਾਂ ਨੂੰ ਆਪਣੇ ਕਾਬੂ ਵਿੱਚ ਵੀ ਲੈ ਲੈਂਦੀ ਹੈ ।ਮਾਰਚ ਮਹੀਨੇ ਹੋਲੀ ਦਾ ਤਿਉਹਾਰ ਲੰਘ ਕੇ ਗਿਆ ਹੈ। ਪਤਾ ਨਹੀਂ ਪੁਲਿਸ ਨੇ ਕਿੰਨੇ ਹਜ਼ਾਰਾਂ ਚਲਾਨ ਕੱਟੇ ਹੋਣੇ, ਜਿਨ੍ਹਾਂ ਨੇ ਟ੍ਰੈਫਿਕ ਨਿਯਮਾਂ ਦੀਆਂ ਧੱਜੀਆਂ ਉਡਾਈਆਂ ਹਨ । ਫ਼ਿਰ ਵੀ ਅਜਿਹੇ ਸ਼ਰਾਰਤੀ ਅਨਸਰਾਂ ਨੂੰ ਅਕਲ ਨਹੀਂ ਆਈ ਹੋਣੀ।ਹਾਲ ਹੀ ਵਿੱਚ ਫਗਵਾੜਾ ਵਿਖੇ ਟੋਚਨ ਮੁਕਾਬਲੇ ਵਿੱਚ ਕਈ ਲੋਕ ਜ਼ਖਮੀ ਹੋ ਗਏ। ਪਾਬੰਦੀ ਹੋਣ ਦੇ ਬਾਵਜੂਦ ਵੀ ਟਰੈਕਟਰਾਂ ਦੀਆਂ ਰੇਸਾਂ ਦੇ ਮੁਕਾਬਲੇ ਕਰਵਾਏ ਜਾ ਰਹੇ ਹਨ। ਜਾਨ ਮਾਲ ਦਾ ਬਹੁਤ ਨੁਕਸਾਨ ਹੋਇਆ। ਇਹ ਕੋਈ ਪਹਿਲਾਂ ਕੇਸ ਨਹੀਂ ਹੈ। ਕੁੱਝ ਕੁ ਮਹੀਨੇ ਪਹਿਲਾਂ ਵੀ ਟਰੈਕਟਰ ਰੇਸ ਮੁਕਾਬਲੇ ਵਿੱਚ ਨੌਜਵਾਨ ਦੀ ਮੌਤ ਹੋ ਚੁੱਕੀ ਸੀ।ਪੰਜ ਕੁ ਮਹੀਨੇ ਪਹਿਲਾਂ ਪੰਜਾਬ ਵਿੱਚ ਤਿੰਨ-ਚਾਰ ਅਜਿਹੀਆਂ ਵਾਰਦਾਤਾਂ ਹੋਈਆਂ, ਜਿਸ ਨੇ ਸਾਰਿਆਂ ਨੂੰ ਹੀ ਡਰਾ ਦਿੱਤਾ। ਅਜਨਾਲਾ ਥਾਣੇ ਤੇ ਪੁਲਿਸ ਨਾਲ ਕੀਤੀ ਗਈ ਮਾਰ ਕੁਟਾਈ, ਹਿਮਾਚਲ ਪ੍ਰਦੇਸ਼ ਦੇ ਮਨੀਕਰਨ ਸਾਹਿਬ ਵਿਖੇ ਸਥਾਨਕ ਵਸਨੀਕਾਂ ਨਾਲ ਪੱਥਰਬਾਜ਼ੀ, ਤੇ ਖ਼ਾਲਸਾ ਦੀ ਧਰਤੀ ਸ੍ਰੀ ਆਨੰਦਪੁਰ ਸਾਹਿਬ ਵਿਖੇ ਕਨੇਡਾ ਤੋਂ ਆਏ ਨੌਜਵਾਨ ਦਾ ਹੋਇਆ ਕਤਲ। ਆਨੰਦਪੁਰ ਸਾਹਿਬ ਵਾਲੀ ਘਟਨਾ ਦਾ ਵਿਦੇਸ਼ਾਂ ਵਿੱਚ ਬੈਠੇ ਪੰਜਾਬੀਆਂ ਤੇ ਕੀ ਅਸਰ ਪਿਆ ਹੋਣਾ।ਸੋਚਣ ਵਾਲੀ ਗੱਲ ਹੈ।ਟਰੈਕਟਰਾਂ ਉੱਪਰ 15 ਤੋਂ 20 ਨੌਜਵਾਨ ਉੱਚੀ ਅਵਾਜ਼ ਵਿੱਚ ਭੜਕੀਲੇ ਗਾਣੇ ਲਗਾ ਕੇ ਕਾਨੂੰਨ ਦੀਆਂ ਧੱਜੀਆਂ ਉਡਾਉਂਦੇ ਆਮ ਦੇਖੇ ਜਾ ਸਕਦੇ ਹਨ। ਸੜਕਾਂ ਤੇ ਅਸੀਂ ਆਮ ਦੇਖਦੇ ਹਾਂ ਕਿ ਟਰੈਕਟਰਾਂ ਤੇ ਇੰਨੀ ਉੱਚੀ ਅਵਾਜ਼ ਵਿੱਚ ਗਾਣੇ ਚਲਾ ਕੇ ਆਪਣੀ ਮਸਤੀ ਕਰ ਰਹੇ ਹੁੰਦੇ ਹਨ । ਕਈ ਵਾਰ ਅਣਸੁਖਾਵੀਂ ਘਟਨਾਵਾਂ ਵੀ ਵਾਪਰ ਜਾਂਦੀਆਂ ਹਨ। ਮਾਂ-ਬਾਪ ਆਪਣੀ ਔਲਾਦ ਨੂੰ ਕਹਿਣ ਤੋਂ ਡਰਦੇ ਹਨ। ਜੇ ਉਹ ਆਪਣੇ ਬੱਚਿਆ ਨੂੰ ਰੋਕਦੇ ਟੋਕਦੇ ਹਨ ਤਾਂ ਅੱਜ ਕੱਲ੍ਹ ਦੀ ਨੌਜਵਾਨ ਪੀੜ੍ਹੀ ਵਿੱਚ ਸ਼ਹਿਣਸ਼ੀਲਤਾ ਬਿਲਕੁਲ ਵੀ ਨਹੀ ਹੈ। ਗ਼ਲਤ ਕਦਮ ਚੁੱਕਦੇ ਨੇ। ਅਜਿਹੇ ਸ਼ਰਾਰਤੀ ਨੌਜਵਾਨ ਆਪਣੇ ਮਾਂ ਪਿਓ ਦਾ ਨਾਂ ਬਦਨਾਮ ਕਰਨ ਤੇ ਲੱਗੇ ਹੋਏ ਹਨ। ਮਾਂ-ਬਾਪ ਦੇ ਅੱਗੇ ਬੋਲਦੇ ਹਨ।ਮਾਰ ਕੁਟਾਈ ਤੱਕ ਕਰਦੇ ਹਨ। ਕਈ ਮਾਂ-ਪਿਉ ਤਾਂ ਆਪ ਕਹਿੰਦੇ ਹਨ ਕਿ ਅਸੀਂ ਤਾਂ ਆਪਣੀ ਅਜਿਹੀ ਔਲਾਦ ਤੋਂ ਬੇਔਲਾਦ ਚੰਗੇ ਸਨ। ਪਿੱਛੇ ਜਿਹੇ ਮੇਰਾ ਦੋ ਕੁ ਮਹੀਨੇ ਪਹਿਲਾਂ ਲੇਖ ਬਜ਼ੁਰਗਾਂ ਸੰਬੰਧੀ ਛਪਿਆ ਸੀ, ਤਕਰੀਬਨ ਮੈਨੂੰ ਕਈ ਫ਼ੋਨ ਆਏ। ਮਾਂ ਬਾਪ ਕਹਿ ਰਹੇ ਸਨ ਕਿ ਸਾਡੀ ਔਲਾਦ ਨੇ ਸਾਡਾ ਜਿਉਣਾ ਦੁੱਭਰ ਤੱਕ ਕਰ ਰੱਖਿਆ ਹੈ। ਨਸ਼ੇ ਕਰਦੇ ਹਨ। ਜੇ ਇਹਨਾਂ ਨੂੰ ਰੋਕਦੇ ਹਨ ਤਾਂ ਸਾਨੂੰ ਮਾਰ ਕਟਾਈ ਵੀ ਕਰਦੇ ਹਨ। ਨਸ਼ਿਆਂ ਦੀ ਭਰਪਾਈ ਲਈ ਘਰ ਦਾ ਸਮਾਨ ਤੱਕ ਵੇਚ ਦਿਤਾ ।ਇੱਕ ਮਾਂ ਨੇ ਇਹ ਦੱਸਿਆਂ। ਗੱਲਾਂ ਸੁਣ ਕੇ ਮੇਰਾ ਸਰੀਰ ਕੰਬ ਗਿਆ। ਸੋਚੋ ਜਿਹੜੇ ਮਾਂ-ਬਾਪ ਕਿੰਨੀਆਂ ਤੰਗੀਆਂ ਕੱਟ ਕੇ ਤੁਹਾਨੂੰ ਪੜ੍ਹਾਉਂਦੇ ਲਿਖਾਉਂਦੇ ਹਨ, ਅੱਜ ਤੁਸੀਂ ਉਹਨਾਂ ਦੇ ਗੱਲ ਵਿੱਚ ਅਗੂਠਾ ਦੇ ਰਹੇ ਹੋ। ਘਰ ਵਿਚ ਕਿਸੇ ਦੀ ਇੱਜ਼ਤ ਨਹੀਂ ਕਰਦੇ। ਛੋਟੇ ਵੱਡੇ ਦਾ ਖਿਆਲ ਨਹੀਂ ਰੱਖਦੇ ਰੱਖਦੇ।

ਹਾਲ ਹੀ ਵਿਚ ਖ਼ਬਰ ਪੜ੍ਹੀ ਕਿ ਇੱਕ ਹੀ ਪਿੰਡ ਦੇ 18 ਸਾਲ ਦੇ ਨੌਜਵਾਨਾਂ ਨੇ ਚਿੱਟੇ ਦਾ ਟੀਕਾ ਲਗਾਇਆ। ਚਿੱਟੇ ਨੇ ਪੰਜਾਬ ਦੀ ਜਵਾਨੀ ਖ਼ਤਮ ਕਰ ਦਿੱਤੀ ਹੈ। ਨੌਜਵਾਨ ਭੈੜੀਆਂ ਆਦਤਾਂ ਦਾ ਸ਼ਿਕਾਰ ਹੋ ਰਹੇ ਹਨ। ਅਕਸਰ ਚੋਰੀ ਦੀਆਂ ਵਾਰਦਾਤਾਂ ਵਿਚ ਅਜਿਹੇ ਸ਼ਰਾਰਤੀ ਨੌਜਵਾਨ ਆਮ ਫੜੇ ਜਾਂਦੇ ਹਨ। ਪੜ੍ਹਾਈ ਲਿਖਾਈ ਦਾ ਇਨ੍ਹਾਂ ਤੇ ਬਿਲਕੁਲ ਵੀ ਅਸਰ ਨਹੀਂ ਹੁੰਦਾ।ਅਕਸਰ ਕਾਲਜਾਂ ,ਯੂਨੀਵਰਸਿਟੀਆਂ ਵਿੱਚ ਵੀ ਜਦੋਂ ਅਜਿਹੇ ਸ਼ਰਾਰਤੀ ਨੌਜਵਾਨ ਜਾਂਦੇ ਹਨ, ਤਾਂ ਉਥੇ ਵੀ ਅਜਿਹੇ ਨੌਜਵਾਨ ਲੜਾਈ ਦਾ ਕਾਰਨ ਬਣਦੇ ਹਨ। ਇਨ੍ਹਾਂ ਤੇ ਫ਼ਿਰ ਯੂਨੀਵਰਸਿਟੀ ਵੱਲੋਂ ਕੇਸ ਦਰਜ ਕਰਵਾਏ ਜਾਂਦੇ ਹਨ। ਹੁੱਲੜਬਾਜ਼ੀ ਕਰਦੇ ਹਨ। ਗਲਤ ਸ਼ਬਦਾਂ ਦੀ ਵਰਤੋਂ ਕਰਦੇ ਹਨ।ਅਜਿਹੇ ਸ਼ਰਾਰਤੀ ਨੌਜਵਾਨਾਂ ਨੂੰ ਆਪਣੇ ਧਾਰਮਿਕ ਇਤਿਹਾਸ ਬਾਰੇ ਬਿਲਕੁਲ ਵੀ ਜਾਣਕਾਰੀ ਨਹੀਂ ਹੁੰਦੀ ਹੈ। ਹੁੱਲੜਬਾਜ਼ੀ ਕਰਦੇ ਅਜਿਹੇ ਨੌਜਵਾਨ ਸਾਰਿਆਂ ਲਈ ਪਰੇਸ਼ਾਨੀ ਖੜੀ ਕਰ ਰਹੇ ਹਨ। ਹੇਮਕੁੰਟ ਸਾਹਿਬ ਦੀ ਜਦੋਂ ਤੀਰਥ ਯਾਤਰਾ ਸ਼ੁਰੂ ਹੁੰਦੀ ਹੈ ,ਤਾਂ ਮੋਟਰਸਾਈਕਲਾਂ ਤੇ ਹੁੱਲੜਬਾਜ਼ੀ ਕਰਦੇ ਅਜਿਹੇ ਸ਼ਰਾਰਤੀ ਨੌਜਵਾਨ ਆਮ ਦੇਖੇ ਜਾ ਸਕਦੇ ਹਨ। ਧਾਰਮਿਕ ਸਥਾਨਾਂ ਵੱਲ ਜਾ ਕੇ ਵੀ ਇਹ ਨੌਜਵਾਨ ਆਪਣੇ ਸੂਬੇ ਦਾ ਨਾਂ ਬਦਨਾਮ ਕਰਨ ਤੇ ਲੱਗੇ ਹੋਏ ਹਨ। ਗਲਤ ਸ਼ਬਦਾਵਲੀ ਦੀ ਵਰਤੋਂ ਕਰ ਰਹੇ ਹਨ।ਹਾਲਾਂਕਿ ਹੁੱਲੜਬਾਜ਼ਾਂ ਨੂੰ ਪੁਲਿਸ ਪ੍ਰਸ਼ਾਸ਼ਨ ਵੱਲੋਂ ਹਿਰਾਸਤ ਵਿੱਚ ਵੀ ਲਿਆ ਜਾਂਦਾ ਹੈ। ਪੁਲਿਸ ਪ੍ਰਸ਼ਾਸਨ ਆਪਣੀ ਜ਼ਿਮੇਵਾਰੀ ਬਹੁਤ ਇਮਾਨਦਾਰੀ ਨਾਲ ਨਿਭਾਅ ਰਿਹਾ ਹੈ। ਧਾਰਮਿਕ ਤੇ ਆਮ ਮੇਲਿਆਂ ਵਿੱਚ ਲੜਾਈ ਝਗੜਾ ,ਕਤਲ,ਲੁੱਟ ਖੋਹ ਜਿਹੀਆਂ ਵਾਰਦਾਤਾਂ ਆਮ ਹੋ ਗਈਆਂ ਹਨ। ਧਾਰਮਿਕ ਸਥਾਨਾਂ ਵੱਲ ਜਾਂਦੇ ਅਜਿਹੇ ਨੌਜਵਾਨ ਕਾਨੂੰਨ ਦੀਆਂ ਧੱਜੀਆਂ ਉਡਾਉਂਦੇ ਹੋਏ ਕਈ ਵਾਰ ਮੌਤ ਦੇ ਮੂੰਹ ਵਿੱਚ ਚਲੇ ਜਾਂਦੇ ਹਨ। ਕਿੰਨਾ ਚੰਗਾ ਹੋਵੇ ਜੇ ਅਜਿਹੀਆਂ ਭੈੜੀ ਹਰਕਤਾਂ ਨਾ ਕੀਤੀਆਂ ਜਾਣ । ਕਿਸੇ ਵੀ ਤਰ੍ਹਾਂ ਦੀ ਤਬਦੀਲੀ ਲਈ ਨੌਜਵਾਨਾਂ ਦੀ ਭੂਮਿਕਾ ਅਹਿਮ ਹੁੰਦੀ ਹੈ। ਕਿਸੇ ਵੀ ਬੁਰਾਈ ਦੇ ਖ਼ਿਲਾਫ਼ ਜੇ ਨੌਜਵਾਨ ਡੱਟ ਕੇ ਖੜੇ ਹੋ ਜਾਣ ਤਾਂ ਦਹੇਜ ,ਭ੍ਰਿਸ਼ਟਾਚਾਰ, ਭਰੂਣ ਹੱਤਿਆ, ਵਾਤਾਵਰਣ ,ਜਬਰ ਜਨਾਹ ਆਦਿ ਕੁਰੀਤੀਆਂ ਖ਼ਤਮ ਹੋ ਸਕਦੀਆਂ ਹਨ।ਨੌਜਵਾਨੀ ਨੂੰ ਅੱਜ ਬਚਾਉਣ ਦੀ ਲੋੜ ਹੈ। ਮਾਪਿਆਂ ਦੀ ਜਿੰਮੇਵਾਰੀ ਬਣਦੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਨੈਤਿਕ ਕਦਰਾਂ ਕੀਮਤਾਂ, ਵਧੀਆ ਸਿੱਖਿਆ ਜਰੂਰ ਦੇਣ।



ਸੰਜੀਵ ਸਿੰਘ ਸੈਣੀ,
ਮੋਹਾਲੀ
7888966168

ਕੇਲਿਆਂ ਦੇ ਕੇਲੇ ਛਿਲਕਿਆਂ ਦੇ ਧੇਲੇ

ਕੇਲਿਆਂ ਬਾਰੇ ਤਾਂ ਸਾਰੇ ਹੀ ਜਾਣਦੇ ਹੋਣਗੇ , ਪਰ ਅੱਜ ਗੱਲ ਕਰਦੇ ਹਾਂ ਕੇਲਿਆਂ ਦੇ ਛਿਲਕਿਆਂ ਬਾਰੇ । ਕੇਲੇ ਤਾਂ ਖਾਣ ਵਿੱਚ ਫਾਇਦੇਮੰਦ ਹੁੰਦੇ ਹੀ ਹਨ , ਪਰ ਕੇਲਿਆਂ ਦੇ ਛਿਲਕੇ ਵੀ ਬਹੁਤ ਗੁਣਕਾਰੀ ਹੁਣੇ ਹਨ । ਕੇਲਿਆਂ ਦੇ ਨਾਲ ਨਾਲ ਕੇਲਿਆਂ ਦੇ ਛਿਲਕੇ ਵੀ ਵਿਟਾਮਿਨ ਭਰਪੂਰ ਹੁੰਦੇ ਹਨ । ਕੇਲੇ ਦੇ ਛਿਲਕਿਆਂ ਵਿੱਚ ਐਂਟੀਆਕਸੀਡੈਂਟ ਭਰਪੂਰ ਮਾਤਰਾ ਵਿੱਚ ਹੋਣ ਕਰਕੇ ਇਹ ਕੈਂਸਰ ਤੱਕ ਨਾਲ ਲੜਨ ਦੀ ਤਾਕਤ ਬਖਸ਼ਦੇ ਹਨ । ਅਗਰ ਤੁਹਾਡੇ ਚਿਹਰੇ ਉੱਤੇ ਝੁਰੜੀਆਂ ਜਾਂ ਬਰੀਕ ਬਰੀਕ ਲਾਈਨਾਂ ਜਿਹੀਆਂ ਬਣੀਆਂ ਹਨ ਤਾਂ ਕੇਲੇ ਦਾ ਪੇਸਟ ਬਣਾ ਕੇ ਆਪਣੇ ਚਿਹਰੇ ਉੱਤੇ ਲੇਪ ਕਰੋ ਅਤੇ ਕੁਝ ਦੇਰ ਬਾਅਦ ਕੋਸੇ ਪਾਣੀ ਨਾਲ ਸਾਫ ਕਰ ਦਿਓ । ਕੁਝ ਦਿਨ ਹੀ ਇੰਝ ਕਰਨ ਨਾਲ ਤੁਹਡਾ ਚਿਹਰਾ ਸਾਫ ਹੋ ਜਾਏਗਾ । ਅਗਰ ਕਿਸੇ ਦੇ ਚਿਹਰੇ ਉੱਤੇ ਕਿੱਲ , ਦਾਗ਼ - ਧੱਬੇ ਜਾਂ ਖੁਰਦਰਾਪਣ ਹੋਵੇ ਤਾਂ ਉਹ ਵੀ ਆਪਣੇ ਚਿਹਰੇ ਉੱਤੇ ਇਹਨਾਂ ਦੇ ਪੇਸਟ ਦਾ ਲੇਪ ਕਰਨ ਨਾਲ ਆਪਣੀ ਸਮੱਸਿਆ ਤੋਂ ਨਿਜਾਤ ਪਾ ਸਕਦੇ ਹਨ । ਕਿਸੇ ਦੇ ਦੰਦਾਂ ਦਾ ਪੀਲਾਪਣ ਨਾ ਜਾਂਦਾ ਹੋਵੇ ਤਾਂ ਕੇਲੇ ਦੇ ਛਿਲਕੇ ਸੇ ਅੰਦਰਲੇ ਹਿੱਸੇ ਨੂੰ ਦੰਦਾਂ ਉੱਤੇ ਮਲਣ ਨਾਲ ਦੰਦਾਂ ਦਾ ਪੀਲਾਪਣ ਵੀ ਘਟ ਜਾਂਦਾ ਹੈ । ਕੇਲੇ ਅਤੇ ਕੇਲਿਆਂ ਦੇ ਛਿਲਕਿਆਂ ਵਿੱਚ ਪੋਟਾਸ਼ੀਅਮ ਹੋਣ ਕਰਕੇ ਇਹ ਵਧੇ ਹੋਏ ਬਲੱਡ ਪਰੈਸ਼ਰ ਨੂੰ ਕਾਬੂ ਕਰਨ ਵਿੱਚ ਮਦਦ ਕਰਦੇ ਹਨ । ਕੇਲੇ ਦੇ ਛਿਲਕਿਆਂ ਦੀ ਚਾਹ ਪੀਣ ਨਾਲ ਨੀਂਦ ਦੀ ਸਮੱਸਿਆ ਦੂਰ ਹੁੰਦੀ ਹੈ ਅਤੇ ਮਾਸ ਪੇਸ਼ੀਆਂ ਮਜ਼ਬੂਤ ਹੁੰਦੀਆਂ ਹਨ । ਕੇਲੇ ਦੇ ਛਿਲਕਿਆਂ ਦਾ ਲੇਪ ਅੱਖਾਂ ਨੂੰ ਠੰਢਕ ਪ੍ਰਦਾਨ ਕਰਦਾ ਹੈ ਅਤੇ ਦਰਦ - ਜਲਣ ਤੋਂ ਰਾਹਤ ਮਿਲਦੀ ਹੈ । ਅੱਖਾਂ ਦੀ ਲਾਲੀ ਵੀ ਖਤਮ ਹੋ ਜਾਂਦੀ ਹੈ । ਪਿਛਲੇ ਦਿਨੀਂ ਮੋਬਾਈਲ ਅਤੇ ਲੈਪਟਾਪ ਦੀ ਜ਼ਿਆਦਾ ਵਰਤੋਂ ਕਰਨ ਕਰ ਕੇ ਮੇਰੀਆਂ ਆਪਣੀਆਂ ਅੱਖਾਂ ਵਿੱਚ ਲਾਲੀ , ਜਲਣ ਅਤੇ ਦਰਦ ਰਹਿਣ ਲੱਗ ਗਈ ਸੀ ,ਨਾਲ ਹੀ ਅੱਖਾਂ ਵਿੱਚੋ ਪਾਣੀ ਵੀ ਵਗਣ ਲੱਗ ਗਿਆ ਸੀ । ਮੈਂ ਕੇਲਾ ਖਾ ਕੇ ਉਹਦਾ ਛਿਲਕੇ ਦਾ ਗੂਦੇ ਵਾਲਾ ਪਾਸਾ ਅੱਖਾਂ ਉੱਤੇ ਰੱਖ ਕੇ ਬੰਨ੍ਹ ਲਿਆ । ਕੇਵਲ 15 ਮਿੰਟ ਵਿੱਚ ਹੀ ਅੱਖਾਂ ਨੂੰ ਬਹੁਤ ਜ਼ਿਆਦਾ ਠੰਢਕ ਮਿਲੀ ਅਤੇ ਉਪਰੋਕਤ ਸਾਰੀਆਂ ਸਮੱਸਿਆਵਾਂ ਤੋਂ ਬਹੁਤ ਰਾਹਤ ਮਿਲ ਗਈ । ਫਿਰ ਮੈਂ ਇਹ ਕਾਰਵਾਈ ਤਿੰਨ ਚਾਰ ਦਿਨ ਪਾਈ ਅਤੇ ਬਹੁਤ ਸਕੂਨ ਮਿਲਿਆ । ਕੇਲਿਆਂ ਦੇ ਛਿਲਕਿਆਂ ਨੂੰ ਤੁਸੀਂ ਆਪਣੀ ਚਮੜੀ ਚਮਕਦਾਰ ਬਣਾਉਣ ਵਾਸਤੇ ਵੀ ਵਰਤ ਸਕਦੇ ਹੋ । ਅਗਰ ਤੁਹਡਾ ਕੋਈ ਚਾਂਦੀ ਦਾ ਬਰਤਨ ਜਾਂ ਗਹਿਣਾ ਕਾਲਾ ਹੋ ਗਿਆ ਹੋਵੇ ਤਾਂ ਉਹਨੂੰ ਵੀ ਕੇਲਿਆਂ ਦੇ ਛਿਲਕਿਆਂ ਨਾਲ ਚਮਕਾਇਆ ਜਾ ਸਕਦਾ ਹੈ । ਕੇਲਿਆਂ ਦੇ ਛਿਲਕਿਆਂ ਨੂੰ ਪਾਣੀ ਸ਼ੁੱਧ ਕਰਨ ਲਈ ਵੀ ਵਰਤਿਆ ਜਾਂਦਾ ਹੈ । ਅਗਰ ਛਿਲਕਿਆਂ ਨੂੰ ਕੁਝ ਦਿਨ ਪਾਣੀ ਵਿੱਚ ਰੱਖ ਕੇ ਉਹ ਪਾਣੀ ਪੌਦਿਆਂ ਨੂੰ ਪਾਇਆ ਜਾਵੇ ਤਾਂ ਇੱਕ ਕੁਦਰਤੀ ਖਾਦ ਵਰਗਾ ਅਸਰ ਕਰਦਾ ਹੈ ।

ਨੋਟ : ਕੇਲਿਆਂ ਤੋਂ ਐਲਰਜੀ ਅਤੇ ਵਧੀ ਹੋਈ ਸ਼ੂਗਰ ਵਾਲੇ ਸੋਚ ਸਮਝ ਕੇ ਵਰਤਣ ।

ਡਾਕਟਰ ਇੰਦਰਜੀਤ ਕਮਲ

ਜਮਾਂਖੋਰਾਂ ਵੱਲੋਂ ਬਣਾਏ ਜਾ ਰਹੇ ਐਮਰਜੈਂਸੀ ਹਲਾਤ ਗੰਭੀਰ ਚਿੰਤਾ ਦਾ ਵਿਸ਼ਾ, ਸੋਚਣ ਦੀ ਲੋੜ

ਅਜੋਕੇ ਹਲਾਤਾਂ ਵਿੱਚ ਦੇਸ਼ ਗੰਭੀਰ ਸੰਕਟ ਵਿਚੋਂ ਗੁਜ਼ਰ ਰਿਹਾ ਹੈ ਸਰਹੱਦ ਤੇ ਵਤਨ ਦੇ ਰਖਵਾਲੇ ਹਿਕ ਤਾਣ ਕੇ ਵਤਨ ਦੀ ਰੱਖਿਆ ਲਈ ਜਾਨ ਤਲੀ ਤੇ ਧਰ ਕੇ ਆਪਣਾ ਫਰਜ਼ ਨਿਭਾ ਰਹੇ ਹਨ। ਪਰ ਅਜਿਹੇ ਨਾਜ਼ੁਕ ਹਲਾਤਾਂ ਵਿੱਚ ਦੇਸ਼ ਦੀ ਜਨਤਾਂ ਵੱਲੋਂ ਵਹੀਰਾਂ ਘੱਤ ਕੇ ਬਜ਼ਾਰਾਂ ਵਿੱਚੋਂ ਕਈ ਕਈ ਮਹੀਨਿਆਂ ਦਾ ਰਾਸ਼ਨ ਜਮਾਂ ਕਰਨਾ ਜਾਂ ਮੈਡੀਕਲ ਸਟੋਰਾਂ ਤੋਂ ਮਹੀਨਿਆਂ ਬੱਧੀ ਦਵਾਈਆਂ ਦਾ ਭੰਡਾਰ ਜਮਾਂ ਕਰਨਾ ਅਤੇ ਪਟਰੋਲ ਪੰਪਾਂ ਤੋਂ ਡੀਜ਼ਲ ਜਾ ਪਟਰੋਲ ਸਟੋਰ ਕਰਕੇ ਐਮਰਜੈਂਸੀ ਵਰਗੇ ਹਲਾਤ ਪੈਦਾ ਕਰਨਾ ਬਹੁਤ ਮੰਦਭਾਗਾ ਹੈ। ਉਹ ਵੀ ਉਸ ਸਮੇ ਜਦੋਂ ਪ੍ਰਸ਼ਾਸਨ ਵੱਲੋਂ ਜਾ ਸਰਕਾਰ ਵੱਲੋਂ ਅਜਿਹੀ ਕਿਸੇ ਅਣਸੁਖਾਵੀਂ ਸਥਿਤੀ ਨਾਲ ਨਜਿੱਠਣ ਲਈ ਇਨ੍ਹਾਂ ਚੀਜਾ ਦੇ ਭੰਡਾਰ ਜਮਾਂ ਕਰਨਾ ਸਬੰਧੀ ਅਜਿਹਾ ਕੋਈ ਬਿਆਨ ਨਹੀਂ ਦਿੱਤਾ ਜਿਸ ਨਾਲ ਦੇਸ਼ ਦੀ ਜਨਤਾਂ ਵਿਚ ਹਲਚਲ ਪੈਦਾ ਹੋ ਜਾਵੇ। ਤੇ ਐਮਰਜੈਂਸੀ ਵਰਗੇ ਹਲਾਤ ਪੈਦਾ ਹੋਣ। ਜੇਕਰ ਗੱਲ ਕਰੀਏ ਜ਼ਿਲਿਆਂ ਦੇ ਡੀਸੀ ਵੱਲੋਂ ਕੀਤੀ ਘੋਸ਼ਣਾ ਦੀ ਤਾਂ ਉਨ੍ਹਾਂ ਵੱਲੋਂ ਹਾਲ ਦੀ ਘੜੀ ਸਿਰਫ ਬਲੈਕ ਆਊਟ ਸਬੰਧੀ ਫੁਰਮਾਨ ਜਾਰੀ ਕੀਤੇ ਗਏ ਹਨ ਤਾਂ ਕਿ ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਵਾਪਰਨ ਤੋਂ ਰੋਕਿਆ ਜਾ ਸਕੇ। ਬੁਧੀਜੀਵੀਆਂ ਅਨੁਸਾਰ ਇਹ ਲੜਾਈ ਕਿਸੇ ਦੂਜੇ ਦੇਸ਼ ਤੇ ਸਿਧਾ ਅਟੈਕ ਨਹੀਂ ਮੰਨੀ ਜਾ ਸਕਦੀ । ਬੁਧੀਜੀਵੀਆਂ ਅਨੁਸਾਰ ਇਹ ਲੜਾਈ ਦੂਜੇ ਦੇਸ਼ ਵਿਚ ਕੁਝ ਦੇਸ ਵਿਰੋਧੀ ਉਨ੍ਹਾਂ ਤਾਕਤਾਂ ਖਿਲਾਫ਼ ਹੈ। ਜਿਨ੍ਹਾਂ ਤੇ ਸਰਕਾਰਾਂ ਵੱਲੋਂ ਇਲਜਾਮ ਲਗਾਇਆ ਗਿਆ ਹੈ ਕਿ ਉਨ੍ਹਾਂ ਵੱਲੋਂ ਦੂਜੇ ਦੇਸ਼ਾਂ ਵਿਚ

ਅਣਸੁਖਾਵੀਆ ਘਟਨਾਵਾਂ ਨੂੰ ਅੰਜਾਮ ਦਿੱਤਾ ਜਾਂਦਾ ਹੈ। ਇਸ ਲਈ ਜੰਗ ਸਬੰਧੀ ਸੋਸ਼ਲ ਮੀਡੀਆ ਤੇ ਵਾਇਰਲ ਤਰ੍ਹਾਂ ਤਰ੍ਹਾਂ ਦੀਆਂ ਵੀਡੀਓ ਜ਼ਿਆਦਾਤਰ ਅਫਵਾਹਾਂ ਹਨ ਅਤੇ ਪ੍ਰਸ਼ਾਸਨ ਵੱਲੋਂ ਅਜਿਹੀਆਂ ਅਫਵਾਹਾਂ ਫੈਲਾਉਣ ਵਾਲਿਆਂ ਤੇ ਸਖਤ ਤੋਂ ਸਖਤ ਕਾਰਵਾਈ ਦੇ ਨਿਰਦੇਸ਼ ਵੀ ਜਾਰੀ ਕੀਤੇ ਗਏ ਹਨ। ਇਸੇ ਤਰ੍ਹਾਂ ਜਮਾਂਖੋਰਾਂ ਉਪਰ ਵੀ ਪ੍ਰਸ਼ਾਸਨ ਵੱਲੋਂ ਕਨੂੰਨੀ ਕਾਰਵਾਈ ਸਬੰਧੀ ਫੁਰਮਾਨ ਦਿੱਤਾ ਗਿਆ ਹੈ। ਅਜੋਕੇ ਹਲਾਤਾਂ ਵਿੱਚ ਸਾਨੂੰ ਦੇਸ਼ ਦੇ ਨਾਗਰਿਕ ਹੋਣ ਦੇ ਨਾਤੇ ਜਿਥੇ ਭਾਰਤ ਸਰਕਾਰ ਤੇ ਭਰੋਸਾ ਬਰਕਰਾਰ ਰੱਖਣ ਦੀ ਲੋੜ ਹੈ ਉਥੇ ਦੇਸ਼ ਦੇ ਜਵਾਨਾਂ ਦਾ ਹੋਰ ਹੋਸਲਾ ਵਧਾਉਣ ਦੀ ਲੋੜ ਹੈ। ਇਸ ਲਈ ਭਾਰਤ ਦੇ ਸੁਲਝੇ ਹੋਏ ਨਾਗਰਿਕ ਹੋਣ ਨਾਤੇ ਸਾਡਾ ਨੈਤਿਕ ਫਰਜ਼ ਬਣਦਾ ਹੈ ਕਿ ਅਸੀਂ ਸਰਬੱਤ ਦਾ ਭਲਾ ਮੰਗਦੇ ਹੋਏ ਪਰਮਾਤਮਾ ਵਿਚ ਵਿਸ਼ਵਾਸ ਕਾਇਮ ਰੱਖੀਏ। ਸਾਨੂੰ ਘਰਾਂ ਵਿੱਚ ਲੋੜੀਂਦੇ ਜ਼ਰੂਰਤ ਲਈ ਬਜ਼ਾਰਾਂ ਵਿਚ ਭੀੜ ਦੇ ਰੂਪ ਵਿੱਚ ਸਮਾਨ ਇਕੱਠਾਂ ਕਰਨ ਦੀ ਜਰੂਰਤ ਨਹੀਂ ਹੈ। ਪ੍ਰਸ਼ਾਸਨ ਵੱਲੋਂ ਵਾਰ ਵਾਰ ਹਦਾਇਤਾਂ ਜਾਰੀ ਕੀਤੀਆਂ ਜਾ ਰਹੀਆਂ ਹਨ ਕਿ ਕਿਸੇ ਵੀ ਨਾਗਰਿਕ ਨੂੰ ਜੇਕਰ ਕਿਸੇ ਸਮਾਨ ਦੀ ਜ਼ਰੂਰਤ ਪਵੇਗੀ ਤਾਂ ਉਹ ਉਨ੍ਹਾਂ ਨੂੰ ਉਪਲੱਬਧ ਕਰਵਾਇਆ ਜਾਵੇਗਾ ਇਸ ਦੀ ਜ਼ਿੰਮੇਵਾਰੀ ਪ੍ਰਸ਼ਾਸਨ ਦੀ ਹੈ। ਜ਼ਰਾ ਸੋਚੋ ਜਿਵੇਂ ਪਟਰੋਲ ਪੰਪਾਂ ਤੋਂ ਤੇਲ ਖਤਮ ਹੋ ਰਿਹਾ ਹੈ ਅਜਿਹੀ ਐਮਰਜੈਂਸੀ ਵਿਚ ਜੇਕਰ ਸਚਮੁੱਚ ਕਿਸੇ ਨੂੰ ਜ਼ਰੂਰਤ ਪੈ ਜਾਵੇ ਉਸ ਨਾਲ ਕੀ ਬੀਤੇਗੀ ? ਇਹ ਚਿੰਤਾ ਦਾ ਵਿਸ਼ਾ ਹੈ ਇਸ ਤੇ ਸੋਚਣ ਦੀ ਲੋੜ ਹੈ।

ਹਰਜਿੰਦਰ ਸਿੰਘ ਚੰਦੀ
ਮਹਿਤਪੁਰ

ਬਾਬਾ ਸ਼ੇਖ਼ ਫ਼ਰੀਦ ਜੀ ਦਾ ਮੋਹ ਸੰਕਲਪ

"ਆਜੁ ਮਿਲਾਵਾ ਸ਼ੇਖ ਫਰੀਦ ਟਾਕਿਮ ਕੂੰਜੜੀਆਂ ਮਨਹੁ ਮਚਿੰਦੜੀਆਂ"ਮਨੁੱਖ ਜਨਮ ਵਿੱਚ ਹੀ ਰੱਬ ਨਾਲ ਹੋਵੇ ਮੇਲ। ਜੇ ਮਨ ਮਚਾਉਣ ਵਾਲੀਆਂ ਇੰਦਰੀਆਂ, ਕਾਬੂ ਕਰਕੇ, ਹੋਵੇ ਸੁਮੇਲ।ਹਜ਼ਰਤ ਖਵਾਜਾ ਫਰੀਦਉਦੀਨ ਮਸੂਦ ਗੰਜਸ਼ਕਰ,ਵੱਡੇ ਵਡੇਰੇ ਸਨ ਅਫਗਾਨਿਸਤਾਨ ਦੇ ਹੁਕਮਰਾਨ।ਬਹੁਤ ਹੀ ਸਤਿਕਾਰਿਤ ਸਨ, ਪੰਜਾਬ ਦੇ ,ਪਹਿਲੇ ਕਵੀ ਤੇ ਵੱਡੇ ਵਿਦਵਾਨ। ਫਰਗਨਾ ਸਥਿਤ ਅਊਤ ਅਤੇ ਕੂਫ਼ਾ ਤੋਂ ਆਏ, ਕੂਫਾ (ਕੰਬੋਜ), 8ਵੀਂ ਸਦੀ ਪਹੁੰਚੇ, ਵਿੱਚ ਅਫਗਾਨਿਸਤਾਨ।12ਵੀਂ ਸਦੀ ਵਿਚ ਵੱਸੇ, ਸਿੰਧ ਦੇ ਕੋਹਤੇਵਾਲ,ਚੰਗੇਜ਼ ਖਾਨ ਦੇ ਪੋਤੇ, ਹਲਾਕੂ ਦੇ ਜ਼ੁਲਮਾਂ ਤੋਂ,ਛੁਡਾਈ ਧਰਤ ਅਫ਼ਗਾਨ।

ਬਾਬਾ ਫਰੀਦ ਜੀ ਜਨਮੇ 1173 ਈ੦ ਵਿੱਚ ਕੋਹਤੇਵਾਲ,ਉਨ੍ਹਾਂ ਦੇ 112 ਸ਼ਲੋਕ ਗੁਰੂ ਗ੍ਰੰਥ ਸਾਹਿਬ ਵਿੱਚ ਨੇ ਦਰਜ।ਹਰ ਧਰਮ ਦੇ ਲੋਕ ਕਰਦੇ ਸੀ ਉਨ੍ਹਾਂ ਦਾ ਸਤਿਕਾਰ,ਨਵੀਂ ਰਾਹ ਦਿਖਾਉਣੀ,ਸੇਧ ਦੇਣ ਦਾ ਸਮਝਦੇ ਸਨ ਫਰਜ਼ ।ਸੂਫੀ ਅਤੇ ਚਿਸ਼ਤੀ ਦੋ ਧਾਰਾਵਾਂ ਦੇ ਬਾਨੀ ਸਨ ਬਾਬਾ ਫਰੀਦ, ਪੁਰਾਤਨ ਪੰਜਾਬ ਦੀ ਇਸ ਸੋਚ ਪ੍ਰਣਾਲੀ ਦੇ ਸਨ ਵਿਦਵਾਨ।ਸੋਲਾਂ ਸਾਲ ਦੀ ਉਮਰੇ, ਕੀਤੀ ਹੱਜ ਯਾਤਰਾ, ਮੱਕੇ ਮਦੀਨੇ ਦੀ,ਘੁੰਮਦੇ ਰਹੇ,18ਸਾਲ ਕਰਦੇ ਰਹੇ ਵਾਰਤਾਲਾਪ ਤੇ ਇਸਲਾਮ।

ਆਪਣੇ ਮੁਰਸ਼ਦ ਬਖਤਿਆਰ ਕਾਕੀ ਦੀ,ਮੌਤ ਤੋਂ ਬਾਅਦ,1235 'ਚ ਹਾਂਸੀ ਤੋ ਦਿੱਲੀ, ਦਿੱਲੀ ਤੋਂ ਮੋਖਲਪੁਰ, ਪਹੁੰਚੇ ਆਣ।ਮੋਖਲ ਦਾ ਰਾਜਾ, ਹੋਇਆ ਪ੍ਰਭਾਵਿਤ, ਜਗ੍ਹਾ ਦਾ ਨਾਮ, ਰੱਖਿਆ ਫਰੀਦਕੋਟ,92 ਸਾਲ ਦੀ ਉਮਰੇ, 1265 ਵਿੱਚ ਹੋਏ ਫੌਤ, ਨਮੂਨੀਏ ਨਾਲ। ਉਨ੍ਹਾਂ ਦੀ ਯਾਦ ਵਿਚ ਫਰੀਦਕੋਟ ਵਿਖੇ ਬਣਾਈ, ਮੈਡੀਕਲ ਸਾਇੰਸਜ਼ ਯੂਨੀਵਰਸਿਟੀ ਫਰੀਦਕੋਟ।ਸਰਕਾਰਾਂ ਨੇ ਮਾਣ ਬਖਸ਼ਿਆ ਬਾਬਾ ਫਰੀਦ ਨੂੰ,ਸੱਚੇ ਪਾਤਸ਼ਾਹ ਦੀ ਲੈਕੇ ਓਟ।

ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ
ਪਟਿਆਲਾ ਹਾਲ–ਆਬਾਦ #639/40ਏ ਚੰਡੀਗੜ੍ਹ।
ਫੋਨ ਨੰਬਰ : 9878469639

ਵਿਰੋਧਤਾ ਤੋਂ ਗ਼ੁਰੇਜ਼ ਕਰੀਏ ਅਤੇ ਰਾਜ ਭਾਗ ਪਾਈਏ

ਬੰਗਾ(ਚਰਨਜੀਤ ਸੱਲ੍ਹਾ) ਮਿਤੀ 2 /5 /2025 ਨੂੰ ਚੌਧਰੀ ਖੁਸ਼ੀ ਰਾਮ, ਆਈਏਐਸ ਰੀਟਾ ਦੇ ਯਤਨਾ ਸਦਕਾ ਬਹੁਜਨ ਸ਼ੋਸ਼ਿਤ ਸਮਾਜ ਦੀ ਬੇਹਤਰੀ ਅਤੇ ਮਜਬੂਤੀ ਲਈ ਇਕ ਮਹੱਤਵਪੂਰਨ ਮੀਟਿੰਗ ਐਰੋ ਸਿਟੀ ਵਿਖੇ ਸ਼੍ਰੀ ਕੁਲਦੀਪ ਸਿੰਘ ਈਸਾਪੁਰੀ, ਕੌਮੀ ਵਾਈਸ ਪ੍ਰਧਾਨ ਬਹੁਜਨ ਮੁਕਤੀ ਪਾਰਟੀ ਨਵੀਂ ਦਿੱਲੀ (ਓਟਿੰਨਓਲ ਵਿਚਏ ਪਰਏਸਿਦਏਨਟ, ਭੰਫ 'ਏਾ ਧਏਲਹਿ) ਸਾਬਕਾ ਜਿਲਾ ਵਿਕਾਸ ਅਤੇ ਪੰਚਾਇਤ ਅਫਸਰ ਦੇ ਨਿਵਾਸ ਸਥਾਨ ਤੇ ਕੀਤੀ ਗਈ, ਜਿਸ ਵਿੱਚ ਚੌਧਰੀ ਖੁਸ਼ੀ ਰਾਮ ਆਈ ਏ ਐਸ ਤੋਂ ਇਲਾਵਾ, ਕਰਨਲ ਸ਼੍ਰੀ ਪ੍ਰਿਥਵੀ ਰਾਜ ਕੁਮਾਰ ਆਈ ਪੀ ਓ ਐਸ (ਰੀਟਾ) ਸ਼੍ਰੀ ਅਮਰੀਕ ਸਿੰਘ ਮਾਗਟ, ਸ਼੍ਰੀ ਕੁਲਦੀਪ ਸਿੰਘ ਈਸਾਪੁਰੀ ਕੌਮੀ ਵਾਈਸ ਪ੍ਰਧਾਨ ਬਹੁਜਨ ਮੁਕਤੀ ਪਾਰਟੀ ਨਵੀਂ ਦਿੱਲੀ (Naitonal ivce preisdent, Inida BMP New Delih) ਕੁਆਡੀਨੇਟਰ ਉੱਤਰੀ ਜੋਨ, ਬਹੁਜਨ ਮੁਕਤੀ ਪਾਰਟੀ ਨਵੀਂ ਦਿੱਲੀ, ਸ਼੍ਰੀ ਹਰਵੰਤ ਸਿੰਘ ਮਾਗਟ, ਡੈਮੋਕਰੇਟਿਕ ਪੀਪਲਜ਼ ਪਾਰਟੀ, ਐਡਵੋਕੇਟ ਹਾਈ ਕੋਰਟ ਸ਼੍ਰੀ ਕੁਲਵੰਤ ਸਿੰਘ ਕਾਨੂੰਨੀ ਸਲਾਹਕਾਰ ਬੀ ਐਮ ਪੀ ਪੰਜਾਬ, ਸਾਬਕਾ ਡੀ ਡੀ ਪੀ ਓ , ਸ਼੍ਰੀ ਗਗਨਦੀਪ ਅਤੇ ਮਨਜੀਤ ਸਿੰਘ ਸ਼ਾਮਿਲ ਹੋਏ। ਮੀਟਿੰਗ ਵਿੱਚ ਵਿਚਾਰ ਵਟਾਂਦਰਾ ਕੀਤਾ ਗਿਆ ਕਿ ਭਾਰਤ ਰਤਨ ਬਾਬਾ ਸਾਹਿਬ ਡਾਕਟਰ ਬੀ ਆਰਮਬੇਡਕਰ ਜੀ ਅਤੇ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੇ ਵਿਚਾਰਧਾਰਾ ਤੇ ਸਾਡੇ ਬਹੁਤ ਸਾਰੇ ਸਮਾਜਿਕ ਅਤੇ ਰਾਜਨੀਤਿਕ ਸੰਗਠਨ ਪਾਰਟੀਆਂ ਬਣਾਈਆਂ ਹੋਈਆਂ ਹਨ ਅਤੇ ਸਾਰੇ ਹੀ ਕਲੇਮ ਵੀ ਕਰਦੇ ਹਨ ਕਿ ਉਹ ਬਾਬਾ ਸਾਹਿਬ ਦੀ ਵਿਚਾਰਧਾਰਾ ਤੇ ਸਿਧਾਂਤਾਂ ਤੇ ਕੰਮ ਕਰਦੇ ਹਨ, ਜਦ ਕਿ ਉਹ ਆਪਣੀਆਂ ਮੀਟਿੰਗਾਂ ਦੌਰਾਨ ਬਾਬਾ ਸਾਹਿਬ ਜੀ ਦੀ ਵਿਚਾਰਧਾਰਾ ਤੇ ਕੰਮ ਕਰਨ ਰਈਆ ਪਾਰਟੀਆਂ ਅਤੇ ਇੱਕ ਦੂਸਰੇ ਸੰਗਠਨਾਂ ਅਤੇ ਆਗੂਆਂ ਦੇ ਖਿਲਾਫ ਬੋਲਦੇ ਹਨ ਅਤੇ ਉਨਾਂ ਦੀ ਨੁਕਤਾ ਚੀਨੀ ਵੀ ਕਰਦੇ ਹਨ, ਜਿਸ ਨਾਲ ਬਹੁਜਨ ਲਹਿਰ ਤੇ ਭੈੜਾ ਪ੍ਰਭਾਵ ਪੈਂਦਾ ਹੈ ਅਤੇ ਇੱਕ ਤਰ੍ਹਾਂ ਨਾਲ ਅਸੀਂ ਅਜਿਹਾ ਕਰਕੇ ਜਿੱਥੇ ਸੰਵਿਧਾਨ ਅਤੇ ਲੋਕਤੰਤਰ ਵਿਰੋਧੀ ਤਾਕਤਾਂ ਦੇ ਹੱਥ ਮਜਬੂਤ ਕਰਦੇ ਹਾਂ ਉੱਥੇ ਆਪਣੀ ਬਹੁਜਨ ਲਹਿਰ ਨੂੰ ਕਮਜ਼ੋਰ ਕਰਨ ਦਾ ਕੰਮ ਵੀ ਕਰਦੇ ਹਾਂ। ਇਹਨਾਂ ਤੱਥਾਂ ਨੂੰ ਮੁੱਖ ਰੱਖਦੇ ਹੋਏ ਕਿ ਬਾਬਾ ਸਾਹਿਬ ਦੀ ਵਿਚਾਰਧਾਰਾ ਤੇ ਬਣੇ ਸਾਰੇ ਸਮਾਜਿਕ ਅਤੇ ਰਾਜਨੀਤਿਕ ਸੰਗਠਨਾਂ ਵਿੱਚ ਦੂਰੀਆਂ ਅਤੇ ਕੜਤਣ ਹੋਰ ਨਾ ਵਧੇ ਅਤੇ ਅਸੀਂ ਵਿਰੋਧਤਾ ਨੂੰ ਘਟਾ ਕੇ, ਨੇੜਤਾ ਵੱਲ ਵਧਦੇ ਹੋਏ ਸੰਵਿਧਾਨ ਅਤੇ ਲੋਕਤੰਤਰ ਵਿਰੋਧੀ ਤਾਕਤਾਂ ਦੇ ਮੰਡਰਾਉਂਦੇ ਕੋਝੇ ਮਨੂਸੀਆ ਦਾ ਏਕਤਾ ਵੱਲ ਵੱਧਦੇ ਹੋਏ ਇੱਕ ਹੋ ਕੇ ਜਿੱਥੇ ਮੂੰਹ ਤੋੜਵਾਂ ਜਵਾਬ ਦੇ ਸਕੀਏ ਉੱਥੇ ਗਰੀਬੀ ਅਤੇ ਲਾਚਾਰ ਲੋਕਾਂ ਤੋਂ ਹੋ ਰਹੇ ਅੱਤਿਆਚਾਰਾਂ ਨੂੰ ਵੀ ਠੱਲ ਪਾ ਸਕੀਏ ਨੂੰ ਮੁੱਖ ਰੱਖਦੇ ਹੋਏ ਸਰਬ ਸੰਪਤੀ ਨਾਲ ਇਹ ਫੈਸਲਾ ਲਿਆ ਗਿਆ ਕਿ ਹਾਜ਼ਰ ਸੰਗਠਨਾਂ ਵੱਲੋਂ ਪੰਜਾਬ ਵਿੱਚ ਕਿਸੇ ਵੀ ਬਹੁਜਨ ਸੰਗਠਨ ਅਤੇ ਉਨਾਂ ਦੇ ਨੇਤਾਵਾਂ ਅਤੇ ਅਹੁਦੇਦਾਰਾਂ ਦੇ ਖਿਲਾਫ ਪ੍ਰਾਪੋਗੰਡਾ ਅਤੇ ਨੁਕਤਾ ਚੀਨੀ ਨਹੀਂ ਕੀਤੀ ਜਾਵੇਗੀ ਅਤੇ ਬਾਕੀ ਸਮਾਜਿਕ ਅਤੇ ਰਾਜਨੀਤਿਕ ਸੰਗਠਨਾਂ ਦੇ ਆਗੂਆਂ ਨੂੰ ਵੀ ਅਪੀਲ ਕੀਤੀ ਜਾਂਦੀ ਹੈ ਕਿ ਉਹ ਵੀ ਇਹ ਬਹੁਜਨ ਹਿਤੂ ਫੈਸਲੇ ਦਾ ਸਨਮਾਨ ਅਤੇ ਸਵਆਗਤ ਕਰਦੇ ਹੋਏ ਆਓ ਸਾਰੇ ਵਿਰੋਧਤਾ ਨੂੰ ਘਟਾਉਣ, ਨੇੜਤਾ ਵੱਲ ਵਧਣ ਅਤੇ ਅੰਤ ਵਿੱਚ ਏਕਤਾ ਕਰਕੇ ਆਪਣੇ ਰੈਵਰਾਂ ਦੇ ਮਿਸ਼ਨ ਨੂੰ ਸਮਰਪਿਤ ਹੋਈਏ ਅਤੇ ਉਨਾਂ ਦੇ ਰਾਜਭਾਗ ਦੇ ਸੁਪਨੇ ਨੂੰ ਪੂਰਾ ਕਰਨ ਵੱਲ ਅੱਗੇ ਵਧੀਏ। ਇਹ ਵੀ ਫੈਸਲਾ ਲਿਆ ਗਿਆ ਕਿ ਹੋਰ ਬਹੁਜਨ ਹਮ ਖਿਆਲ ਜਥੇਬੰਦੀਆਂ ਨੂੰ ਨਾਲ ਲੈ ਕੇ ਚੱਲਣ ਲਈ ਉਹਨਾਂ ਜਥੇਬੰਦੀਆਂ ਦੇ ਆਗੂਆਂ ਨਾਲ ਵੀ ਸੰਪਰਕ ਕੀਤਾ ਜਾਵੇਗਾ। ਅਤੇ ਜਲਦੀ ਹੀ ਇੱਕ ਹੋਰ ਵਿਆਪਕ ਮੀਟਿੰਗ ਕੀਤੀ ਜਾਵੇਗੀ। ਮੀਟਿੰਗ ਵਿੱਚ ਇਹ ਫੈਸਲਾ ਕੀਤਾ ਗਿਆ ਕਿ ਹਮ ਖਿਆਲੀ ਜਥੇਬੰਦੀਆਂ ਵਿਚਕਾਰ ਆਪਸੀ ਸਾਂਝ ਨੂੰ ਮਜ਼ਬੂਤ ਕਰਨ ਲਈ ਬਾਬਾ ਸਾਹਿਬ ਦੀ ਵਿਚਾਰਧਾਰਾ ਅਨੁਸਾਰ ਵੱਡੀ ਜਿੱਤ ਹਾਸਿਲ ਕਰਨ ਲਈ ਛੋਟੇ ਛੋਟੇ ਨਿੱਜੀ ਹਿੱਤਾਂ ਨੂੰ ਤਿਆਗ ਕੇ ਏਕਤਾ ਦੇ ਸਿਰਫ ਏਕਤਾ ਵੱਲ ਵਧਣਾ ਹੀ ਸਾਡੀਆਂ ਸਾਰੀਆਂ ਸਮੱਸਿਆਵਾਂ ਦੇ ਰਾਜਭਾਗ ਵੱਲੋਂ ਵਧਣ ਦਾ ਇੱਕੋ ਇੱਕ ਤੋੜ ਹੈ। ਅਪੀਲ ਆਓ ਵਿਰੋਧਤਾ ਤੋਂ ਗੁਰੇਜ਼ ਕਰੀਏ, ਨੇੜਤਾ ਵੱਲ ਕਦਮ ਵਧਾਈਏ, ਏਕਤਾ ਕਰਕੇ ਰਾਜ ਭਾਗ ਪਾਈਏ। ਇਸ ਦੀ ਜਾਣਕਾਰੀ ਡਾ ਸੋਮ ਨਾਥ ਲੋਧੀਪੁਰ ਨੇ ਦਿੱਤੀ ਹੈ।

ਸਮਾਜ ਵੀਕਲੀ ਨਿਊਜ

2569th Buddha Jayanti Celebration
And 134th Birth Anniversary of Dr. B. R. Ambedkar
Saturday 17th May 2025
11.00 am - 2.30 pm
At
52 Woodfield Avenue, Wolverhampton WV4 4AF

You are cordially invited along with family and friends to the celebration of Buddha Jayanti / Wesakh Day and Ambedakar Jayanti. May the day of Wesakh fills your heart with happiness and peace of mind and bless with special joy commemorating the Birth, Enlightenment and Mahaparinibbana of the Buddha.

Programme

Lunch for Sangha	11:00 am
Lunch for guests	12:00 pm
Lighting candles, offering flowers, observing five precepts and chanting	1:00 pm
Dhamma Talk by Venerable Sangha in English and Hindi	1:15 pm
Talk and poetry by guest speakers	2:00 pm
End of ceremony with blessings	2:30 pm

Lunch offered by Nicole Mamman Rai & Dominic Rai
Lunch will be served between 12:00 to 1:00pm

On this auspicious occasion any donation to Buddha Vihara is highly appreciated.
International Buddhist Trust UK Dedicated to Bhikkhu Chandramani, the Diksha Guru of Dr. B. R. Ambedkar
Account No: 39233360, Sort Code: 30-90-89 at Lloyds Bank

International Buddhist Trust UK
Dedicated to Bhikkhu Chandramani the Diksha Guru of Dr. B. R. Ambedkar
52 Woodfield Avenue, Penn, Wolverhampton, WV4 4AF
Email: int.buddhist.tstuk@gmail.com Charity Registration No.: 1180542

For Further information please contact: Ven. Tejwant (President) 07775437566

Namo Budha Jai Mulnivasi Jai Bheem

Tathagat Gautam Budh

JETVAN BUDDHA VIHARA
Nakodar,Jalandhar,Punjab

Baba Sahib Dr. Ambedkar

Jetvan Buddha Vihara Welfare Committee and Moh. Dr. Ambedkar Nagar (Nai Abadi) Nakodar are celebrating Buddha Purnama on Monday 12th May 2025 at 6 PM at Jetvan Buddha Vihara Nakodar. So everyone is being invited to participate in the program of Buddha Purnama.

Note-
For the information of all of you-

From :- Jetvan Buddha Vihara Welfare Committee

The construction work of Jetvan Buddha Vihara building is going on. Any generous gentleman who wants to donate. They can send donations to the following account. Jai Bheem

Central Bank Of India
A/C No. :- 5743278657 IFSC Code:- CBIN0280356
Branch:- Nakodar

Contact :-
PL Chander- 95010-20093 S. Kumar- 98144-72490
Rakesh Kumar- 98152-54889 Dinesh Kumar- 9501186011
E Mail- jetvanbudhvihara@gmail.com

ਮਾਨਵਵਾਦੀ ਭਾਵ-ਬੋਧ ਦੀ ਕਲਾਮਈ ਸ਼ਾਇਰੀ : "ਨਦੀਏ ਤੇਰਾ ਕੀ ਸਿਰਨਾਵਾਂ"

ਕੇਸਰ' ਕਰਮਜੀਤ ਪੰਜਾਬੀ ਗ਼ਜ਼ਲ ਦਾ ਇੱਕ ਅਜਿਹਾ ਪਰਵਾਸੀ ਕਲਮਕਾਰ ਹੈ ਜਿਸਦੀਆਂ ਜੜ੍ਹਾਂ 'ਬਰਨਾਲਾ ਸਕੂਲ ਆਫ਼ ਪੋਇਟਰੀ' ਨਾਲ਼ ਜੁੜੀਆਂ ਹੋਈਆਂ ਹਨ। ਚਾਹੇ ਉਹ ਇਸ ਵੇਲੇ ਆਸਟ੍ਰੇਲੀਆ ਦੇ ਮਸ਼ਹੂਰ ਸ਼ਹਿਰ ਸਿਡਨੀ ਵਿਖੇ ਆਪਣਾ ਗੁਜ਼ਰ-ਬਸਰ ਕਰ ਰਿਹਾ ਹੈ ਪਰ ਅਸਲ ਵਿੱਚ ਉਸਦਾ ਪਿਛੋਕੜ ਬਰਨਾਲਾ ਦੀ ਸਾਹਿਤਕ ਧਰਤੀ ਨਾਲ਼ ਹੀ ਜੁੜਿਆ ਹੋਇਆ ਹੈ। ਬਰਨਾਲਾ ਵਿਖੇ ਉਹ ਸਿਰਫ਼ ਕਰਮਜੀਤ ਹੀ ਸੀ ਜੋ ਇੱਕ ਸਕੂਲ ਵਿੱਚ ਸਾਇੰਸ ਅਧਿਆਪਕ ਸੀ। ਇਸ ਤੋਂ ਬਾਅਦ ਉਸਨੇ ਤਰੱਕੀ ਕੀਤੀ ਤੇ ਲੈਕਚਰਾਰ ਬਣਿਆ ਅਤੇ ਫਿਰ ਆਪਣੀ ਮਿਹਨਤ ਦੇ ਬਲਬੂਤੇ ਜਿਲ੍ਹਾ ਸਾਇੰਸ ਸੁਪਰਵਾਈਜ਼ਰ ਵੀ ਬਣਿਆ। ਉਸਦੀ ਪਹਿਲੀ ਪੁਸਤਕ 2023 'ਦਿਨ ਢਲੇ (ਗ਼ਜ਼ਲ ਸੰਗ੍ਰਹਿ) ਆਈ ਅਤੇ ਹਥਲੇ ਗ਼ਜ਼ਲ ਸੰਗ੍ਰਹਿ 'ਨਦੀਏ ਤੇਰਾ ਕੀ ਸਿਰਨਾਵਾਂ' ਨੇ 2025 ਵਿੱਚ ਪੰਜਾਬੀ ਸਾਹਿਤ ਜਗਤ ਵਿੱਚ ਆਪਣੀ ਦਸਤਕ ਦਿੱਤੀ। ਵੈਸੇ ਤਾਂ ਕੇਸਰ ਕਰਮਜੀਤ ਆਪਣੀ ਪਹਿਲੀ ਗ਼ਜ਼ਲ ਪੁਸਤਕ ਨਾਲ਼ ਹੀ ਸਾਹਿਤਕ ਸਫ਼ਾਂ ਵਿੱਚ ਨਵੇਕਲੀ ਸ਼ੈਲੀ ਕਾਰਨ ਆਪਣੀ ਪਹਿਚਾਣ ਬਣਾ ਚੁੱਕਾ ਸੀ ਪਰ ਹਥਲੀ ਪੁਸਤਕ ਨੇ ਉਸਨੂੰ ਅਜੋਕੇ ਚੁਣਿੰਦੇ ਪਰਵਾਸੀ ਗ਼ਜ਼ਲਗੋਆਂ ਦੀ ਕਤਾਰ ਵਿੱਚ ਖੜ੍ਹਾ ਕਰ ਦਿੱਤਾ ਹੈ। ਚਾਹੇ ਉਸਦੀ ਸ਼ਾਇਰੀ ਵਿੱਚ ਪ੍ਰੇਮਰਿਕ ਰੰਗ ਵੀ ਹੈ ਪਰ ਅਸਲ ਵਿੱਚ ਉਹ ਇੱਕ ਜ਼ਦੀਦ ਸ਼ਾਇਰ ਹੈ ਜਿਸਦੀ ਸ਼ਾਇਰੀ ਵਿੱਚ ਮਾਨਵੀ ਸਰੋਕਾਰਾਂ ਦੀ ਬਾਤ ਹੈ। ਉਹ ਬਿਖੜੇ ਪੈਂਡਿਆਂ ਦਾ ਸ਼ਾਇਰ ਹੈ ਜੋ ਆਪਣਾ ਰਸਤਾ ਆਪ ਚੁਣਨ ਦਾ ਵੱਲ ਰੱਖਦਾ ਹੈ। ਉਸਦਾ ਇੱਕ ਸਾਇੰਸ ਅਧਿਆਪਨ ਦੇ ਖੇਤਰ ਤੋਂ ਸਾਹਿਤਕ ਖੇਤਰ ਵੱਲ ਕਦਮ ਪੁੱਟਣਾ ਅਤੇ ਫਿਰ ਇਸ ਖੇਤਰ ਵਿੱਚ ਆਪਣੀ ਜਗ੍ਹਾ ਨਿਸ਼ਚਿਤ ਕਰਨਾ ਇਸ ਗੱਲ ਦੀ ਸ਼ਾਹਦੀ ਭਰਦੇ ਹਨ। ਕਰਮਜੀਤ ਦਰਵੇਸ਼ ਬਿਰਤੀ ਦੇ ਵਿਅਕਤੀਤਵ ਦਾ ਮਾਲਕ ਹੈ। ਇਸੇ ਕਾਰਨ ਹੀ ਉਸਦੀ ਸ਼ਾਇਰੀ ਵਿੱਚ ਸਹਿਜਤਾ,ਸਰਲਤਾ ਅਤੇ ਠਹਿਰਾਓ ਮੌਜੂਦ ਹੈ। ਆਸਟ੍ਰੇਲੀਆ ਵਿੱਚ ਕਰਮਜੀਤ ਤੋਂ ਇਲਾਵਾ ਹੋਰ ਵੀ ਕੁੱਝ ਮਕਬੂਲ ਗ਼ਜ਼ਲਗੋ ਹਨ ਜੋ ਆਪਣੇ ਰੁਝੇਵਿਆਂ ਭਰੇ ਵਕਤ 'ਚੋਂ ਸਮਾਂ ਕੱਢ ਕੇ ਮਾਂ ਬੋਲੀ ਪੰਜਾਬੀ ਦੇ ਲੇਖੇ ਲਾਉਂਦੇ ਹਨ, ਉਹ ਇਨ੍ਹਾਂ ਸਭ ਦਾ ਵਡੱਪਣ ਹੀ ਹੈ, ਕਿਉਂਕਿ ਅਸਲ ਵਿੱਚ ਉੱਥੇ ਬੋਲ-ਚਾਲ ਦੀ ਭਾਸ਼ਾ ਅੰਗ੍ਰੇਜ਼ੀ ਹੈ ਪਰ ਫਿਰ ਵੀ ਇਹ ਪੰਜਾਬੀ ਭਾਸ਼ਾ ਦੇ ਪ੍ਰਚਾਰ ਤੇ ਪ੍ਰਸਾਰ ਨੂੰ ਤਰਜੀਹ ਦਿੰਦੇ ਹਨ। ਇਹ ਇੱਕ ਮਾਣ ਵਾਲੀ ਗੱਲ ਹੈ ਜਿਸ ਕਰਕੇ ਇਨ੍ਹਾਂ ਨੂੰ ਸ਼ਾਬਾਸ਼ੇ ਦੇਣਾ ਬਣਦਾ ਹੈ।

ਅਸਲ ਵਿੱਚ ਪੰਜਾਬੀ ਸਭਿਆਚਾਰ ਲੋਕ ਗੀਤਾਂ ਦਾ ਸਭਿਆਚਾਰ ਰਿਹਾ ਹੈ ਜੋ ਕਿ ਲੋਕ ਮਨਾਂ ਦੇ ਨੇੜੇ ਹੈ। ਇਸਦੇ ਨਾਲ਼ ਹੀ ਪਹਿਲਾਂ-ਪਹਿਲਾਂ ਪ੍ਰਗਤੀਵਾਦ, ਪ੍ਰਯੋਗਵਾਦ, ਜੁਝਾਰਵਾਦ ਕਾਵਿਧਾਰਾ ਅਤੇ ਆਧੁਨਿਕਤਾਵਾਦ ਆਦਿ ਸਾਹਿਤਕ ਖੇਤਰ ਵੱਲ ਕਦਮ ਪੁੱਟਣਾ ਅਤੇ ਫਿਰ ਇਸ



ਹਤਕ ਪ੍ਰਵਿਰਤੀਆਂ/ਝੁਕਾਅ ਵੀ ਗ਼ਜ਼ਲ ਸਿਰਜਣਾ ਦੇ ਅਨੁਕੂਲ ਨਹੀਂ ਰਹੇ, ਕਿਉਂਕਿ ਇਹ ਜਨ ਸਧਾਰਨ ਦੀਆਂ ਭਾਵਨਾਵਾਂ ਨੂੰ ਜਨ ਸਧਾਰਨ ਦੀ ਬੋਲੀ ਵਿੱਚ ਸਿੱਧੇ ਤੇ ਸਪਾਟ ਢੰਗ ਨਾਲ਼ ਪੇਸ਼ ਕਰਨ ਵੱਲ ਰੁਚਿਤ ਰਹੇ। ਪਰ ਗ਼ਜ਼ਲ ਦੇ ਸ਼ਿਅਰਾਂ ਵਿਚਲੀ ਸੂਖਮਤਾ ਨੂੰ ਸਿੱਧੀ ਤੇ ਸਪਾਟ ਜੁਗਤ ਪ੍ਰਵਾਨ ਨਹੀਂ ਹੈ। ਪਰ ਸਮੇਂ ਦੇ ਬਦਲਾਅ ਨਾਲ਼ ਗ਼ਜ਼ਲ ਜਿਹੀ ਛੰਦ-ਬੱਧ ਸਿਨਫ਼ ਨੇ ਸਮੇਂ ਦੇ ਹਾਣ ਦੀ ਹੁੰਦਿਆਂ ਲੋਕਾਂ ਦੀਆਂ ਦਰਪੇਸ਼ ਸਮੱਸਿਆਵਾਂ ਨੂੰ ਆਪਣੇ ਵਿੱਚ ਸਮੇਟ ਕੇ ਜਨ ਸਧਾਰਨ ਤੱਕ ਅਪੜਣ ਲਈ ਇੱਕ ਮਜ਼ਬੂਤ ਵਾਹਨ ਦਾ ਕੰਮ ਕੀਤਾ ਜੋ ਅੱਜ ਵੀ ਬਾ-ਖ਼ੂਬੀ ਕਰ ਰਹੀ ਹੈ। ਕੁੱਝ ਸ਼ਾਇਰਾਂ ਨੇ ਅਰੂਜ਼ੀ ਬਹਿਰਾਂ ਦੇ ਨਾਲ਼-ਨਾਲ਼ ਭਾਰਤੀ ਛੰਦ-ਪ੍ਰਬੰਧ ਵਿਚਲੇ ਛੰਦਾਂ ਨੂੰ ਵੀ ਅਪਨਾ ਕੇ ਗ਼ਜ਼ਲ ਦੀ ਰਚਨਾ ਕੀਤੀ ਜਿਸਨੇ ਗ਼ਜ਼ਲ ਨੂੰ ਪੰਜਾਬੀ ਦੇ ਹਾਣ ਦੀ ਬਣਾਉਣ ਵਿੱਚ ਵੱਡਮੁੱਲਾ ਯੋਗਦਾਨ ਪਾਇਆ। ਕੇਸਰ ਕਰਮਜੀਤ ਵੀ ਇੱਕ ਅਜਿਹਾ ਸ਼ਾਇਰ ਹੈ ਜੋ ਮਾਤਰਾਂ ਦੀ ਗਿਣਤੀ-ਮਿਣਤੀ ਨੂੰ ਆਪਣੇ ਤੋਲ-ਤੁਕਾਂਤ ਦਾ ਨਿਵੇਕਲਾ ਆਧਾਰ ਬਣਾਉਂਦਾ ਹੈ। ਉਹ ਅਰੂਜ਼ੀ ਬਹਿਰਾਂ ਦੇ ਜ਼ਿਆਦਾ ਚੱਕਰਾਂ ਵਿੱਚ ਨਹੀਂ ਪੈਂਦਾ ਸਗੋਂ ਲਘੂ (1) ਅਤੇ ਗੁਰੂ (2) ਮੰਨਕੇ ਆਪਣੀ ਬਹਿਰ ਦੀ ਸਿਰਜਣਾ ਕਰ ਲੈਂਦਾ ਹੈ, ਚਾਹੇ ਉਹ ਛੇ ਰੁਕਨੀ (ਮੁਸੱਦਸ) ਜਾਂ ਅੱਠ ਰੁਕਨੀ (ਮੁਸੰਮਨ) ਹੋਵੇ ਜਾਂ ਕੋਈ ਹੋਰ ਬਹਿਰ ਦੀ ਬੰਦਿਸ਼ ਹੋਵੇ। ਉਹ ਬਹਿਰ ਦਾ ਰੁਕਨ ਵੀ 1222 (ਮੁਫ਼ਾਈਲੁਨ) ਅਤੇ 2122 (ਫ਼ਾਇਲਾਤੁਨ) ਆਦਿ ਅਤੇ ਇਸ ਤਰ੍ਹਾਂ ਹੋਰ ਰੁਕਨ ਵੀ ਬਣਾ ਲੈਂਦਾ ਹੈ। ਉਹ ਆਪਣੇ ਹੀ ਹਿਸਾਬ ਨਾਲ਼ ਰੁਕਨਾ ਦਾ ਪ੍ਰਥਮ ਸ਼ਿਅਰ (ਮਤਲਾਅ) ਸਿਰਜ ਕੇ ਅੱਗੋਂ ਉਸੇ ਬੰਦਿਸ਼ ਵਿੱਚ ਆਪਣੀ ਸਿਰਜਣਾ ਕਰਦਾ ਚਲਾ ਜਾਂਦਾ ਹੈ ਜੋ ਕਿ ਇੱਕ ਸਹੀ ਅਤੇ ਪ੍ਰਮਾਣਿਕ ਬਹਿਰ ਹੋ ਨਿਬੜਦੀ ਹੈ। ਉਸ ਦੀਆਂ ਗ਼ਜ਼ਲਾਂ ਦੀ ਵਸਤੂ ਸਮੱਗਰੀ ਉਸਦੇ ਸਾਊ ਅਤੇ ਬੀਬੇ ਸੁਭਾਅ ਜਿਹੇ ਵਿਅਕਤੀਤਵ ਦੀ ਜ਼ਾਮਨ ਬਣ ਜਾਂਦੀ ਹੈ। ਕੇਸਰ ਸਹੀ ਅਰਥਾਂ ਵਿੱਚ ਇੱਕ ਰੁਮਾਂਟਿਕ, ਸੁਧਾਰਵਾਦੀ, ਮਾਨਵਵਾਦੀ, ਆਸ਼ਾਵਾਦੀ ਤੇ ਦਾਰਸ਼ਨਿਕ ਸ਼ਾਇਰ ਹੈ। ਉਹ ਕੋਈ ਇੱਕ ਧਿਰ ਬਣਕੇ ਨਹੀਂ ਚੱਲਦਾ। ਉਸਦੀ ਸ਼ਾਇਰੀ ਵਿੱਚ ਆਸਤਿਕਤਾ ਵੀ ਹੈ ਅਤੇ ਨਾਸਤਿਕਤਾ ਵੀ। ਉਸਦੀ ਸ਼ਾਇਰੀ ਵਿੱਚ ਮਾਨਵਵਾਦੀ ਭਾਵ-ਬੋਧ ਦੀ ਕਲਾਮਈ ਅਭੀਵਿਅਕਤੀ ਹੈ ਜਿਸ ਵਿੱਚ ਤੇਜ਼ੀ ਨਾਲ਼ ਬਦਲ ਰਹੀਆਂ ਮਾਨਵੀ ਕਦਰਾਂ-ਕੀਮਤਾਂ ਪ੍ਰਤੀ ਚਿੰਤਨ ਵੀ ਪ੍ਰਕਾਸ਼ਮਾਨ ਹੈ। ਉਸਦੀ ਸ਼ਾਇਰੀ ਵਿੱਚ ਸਰਲਤਾ ਤੇ ਸਾਦਗੀ, ਰੋਮਾਂਸ ਵਿੱਚ ਵਲਵਲਿਆਂ ਦੀ ਸੁਹਿਰਦ ਪੇਸ਼ਕਾਰੀ, ਨਵੀਂ ਮੁਹਾਵਰੇਦਾਰ ਭਾਸ਼ਾ, ਪਰੰਪਰਾ ਤੇ ਆਧੁਨਿਕਤਾ ਸ਼ਾਇਰੀ ਦਾ ਸੁਮੇਲ ਆਦਿ ਦੇਖਣ ਨੂੰ ਮਿਲਦਾ ਹੈ। ਉਸਦੀ ਕਲਮ ਨਵੀਆਂ ਤਸ਼ਬੀਹਾਂ ਵੀ ਸਿਰਜਦੀ ਹੈ ਅਤੇ ਨਵੇਂ ਸ਼ਬਦਾਂ ਨੂੰ ਵੀ ਇਜ਼ਾਦ ਕਰਦੀ ਹੈ। ਉਸਦੀ ਸ਼ਾਇਰੀ ਦੇ ਕੁੱਝ ਰੰਗ ਦੇਖੋ :--

''ਲਫ਼ਜ਼ ਦੋ ਪਿਆਰ ਦੇ ਨਾ ਬੋਲਦਾ, ਮਜ਼ਬੂਰ ਹੈ ਇੰਨਾ।
ਖ਼ੁਦਾ ਮੈਂ ਖ਼ੁਦ ਬਣਾਇਆ ਓਸ ਨੂੰ, ਮਗਰੂਰ ਹੈ ਇੰਨਾ।'' (ਪੰਨਾ --32)

''ਕਿਸੇ ਅਗਨੀ 'ਚ ਕੋਈ ਫ਼ਰਕ ਹੈ ਕੀ ?
ਬਿਗਾਨੀ ਅੱਗ ਨੂੰ ਕਿਉਂ ਤਾਪਦੇ ਹੋ।'' (ਪੰਨਾ -- 33).

'' ਜਦੋਂ ਇੱਕ ਪੈਰ ਹੈ ਥੱਕਦਾ, ਤਾਂ ਦੂਜੇ ਭਾਰ ਹੋ ਜਾਂਦੇ,
ਕਦੇ ਪੂਰਾ ਕੋਈ ਵਾਅਦਾ, ਕਿਸੇ ਸਰਕਾਰ ਵੀ ਕੀਤਾ।'' (ਪੰਨਾ -- 61)

''ਦਰਦ ਜਿਹਾ ਇਕ ਮੇਰੇ ਦਿਲ ਵਿਚ ਹਰ ਰੁੱਤੇ ਮਹਿਮਾਨ ਰਿਹਾ।
ਲੈ ਦੇ ਕੇ ਬੱਸ ਇਹੋ ਤੇਰਾ ਮੇਰੇ 'ਤੇ ਅਹਿਸਾਨ ਰਿਹਾ।'' (ਪੰਨਾ -- 78)

'' ਸਜਾਵਾਂ ਆਪਣੀ ਮੈਂ ਨੂੰ, ਮੈਂ ਕਿੱਥੇ ?
ਖ਼ਲਾਅ ਦੇ ਹੋਰ ਵੀ ਅੱਗੇ ਖ਼ਲਾਅ ਹੈ।''
(ਪੰਨਾ -- 69)

'' ਨਵੇਂ ਤੂੰ ਭੇਜਿਆ, ਕਪੜੇ ਪਵਾ ਕੇ।
ਮੈਂ ਨਾਟਕ ਖੇਡਿਆ, ਮੁਖੜਾ ਲਗਾ ਕੇ।''
(ਪੰਨਾ -- 45)

''ਜੇ ਪੜ੍ਹ ਪੜ੍ਹ ਧਾਰਮਿਕ ਪੁਸਤਕ ਕਦੇ ਜੀਵਨ ਬਦਲ ਜਾਂਦੇ,
ਬਥੇਰੇ ਰੋਜ਼ ਪੜ੍ਹਦੇ ਨੇ ਕਿਸੇ 'ਤੇ ਤਾਂ ਅਸਰ ਹੁੰਦਾ ।'' (ਪੰਨਾ -- 30)

''ਕੇਸਰ ਦੀ ਸ਼ਾਇਰੀ 'ਤੇ ਰੰਗਤ ਹੈ ਅੰਤ ਆਈ,
ਸੁਣਿਆਂ ਉਹ ਪੜ੍ਹ ਰਹੇ ਸੀ ਤਾਜ਼ਾ ਕਲਾਮ ਮੇਰਾ।'' (ਪੰਨਾ -- 56)

'' ਹਨੇਰਾ ਘਨੇਰਾ ਅਜੇ ਭਾਵੇਂ 'ਕੇਸਰ',
ਕਦੇ ਦਿਨ ਚੜ੍ਹੇਗਾ, ਕਦੇ ਪਹੁ ਫੁਟੇਗੀ।'' (ਪੰਨਾ -- 25)

ਇਸ ਤਰ੍ਹਾਂ ਕੇਸਰ ਕਰਮਜੀਤ ਦੀ ਹਥਲੀ ਪੁਸਤਕ 'ਨਦੀਏ ਤੇਰਾ ਕੀ ਸਿਰਨਾਵਾਂ' ਵਿੱਚੋਂ ਹੋਰ ਵੀ ਸ਼ਿਅਰ ਕੋਡ ਕੀਤੇ ਜਾ ਸਕਦੇ ਹਨ ਜਿਨ੍ਹਾਂ ਦੀ ਮਿਸਾਲ ਦਿੱਤੀ ਜਾ ਸਕਦੀ ਹੈ। ਉਸਦੀ ਸਮੁੱਚੀ ਸ਼ਾਇਰੀ ਹੀ ਦਾਦ ਦੀ ਹੱਕਦਾਰ ਹੈ। ਮੈਂ ਪੰਜਾਬੀ ਭਾਸ਼ਾ ਵਿੱਚ ਇਸ ਹੱਥਲੀ ਪੁਸਤਕ ਦੇ ਗਿਣਾਤਮਿਕ ਤੇ ਗੁਣਾਤਮਿਕ ਵਾਧੇ 'ਤੇ ਕਰਮਜੀਤ ਨੂੰ ਵਧਾਈ ਦਿੰਦਾ ਹੋਇਆ ਆਪਣੀ ਕਲਮ ਨੂੰ ਵਿਸ਼ਰਾਮ ਦਿੰਦਾ ਹਾਂ। ਆਮੀਨ...।

ਮਾਲਵਿੰਦਰ ਸ਼ਾਇਰ
ਪਿੰਡ ਤੇ ਡਾਕ. -- ਸ਼ੇਰ ਸਿੰਘ ਪੁਰਾ
ਤਹਿ. ਤੇ ਜਿਲ੍ਹ -- ਬਰਨਾਲਾ
(ਪੰਜਾਬ)-- 148100
ਸੰਪਰਕ -- 947-818-5742

ਨਸ਼ਾ

ਨਸ਼ਾ ਸ਼ਬਦ ਜੋ ਕਿ ਤੁਸੀਂ ਆਮ ਹੀ ਸੁਣਿਆ ਹੋਵੇਗਾ। ਪਰ ਕੀ ਤੁਸੀਂ ਜਾਣਦੇ ਹੋ ਕਿ ਨਸ਼ਾ ਇਕ ਤਰ੍ਹਾਂ ਦਾ ਨਹੀਂ ਹੁੰਦਾ। ਸਗੋਂ ਇਹ ਕਈ ਤਰ੍ਹਾਂ ਦਾ ਹੁੰਦਾ ਹੈ। ਕਾਮਯਾਬੀ ਦਾ ਨਸ਼ਾ, ਤੱਰਕੀ ਦਾ ਨਸ਼ਾ, ਆਪਣੇ ਸੁਪਨੇ ਪੂਰੇ ਕਰਨ ਦਾ ਨਸ਼ਾ, ਸ਼ਰਾਬ ਦਾ ਨਸ਼ਾ ਆਦਿ।

ਕਾਮਯਾਬੀ ਦਾ ਨਸ਼ਾ ਇਨਸਾਨ ਨੂੰ ਜ਼ਿੰਦਗੀ ਵਿਚ ਸਫ਼ਲ ਬਣਾ ਦਿੰਦਾ ਹੈ। ਉੱਥੇ ਹੀ ਸ਼ਰਾਬ ਦਾ ਨਸ਼ਾ ਇਨਸਾਨ ਦੀ ਜ਼ਿੰਦਗੀ ਬਰਬਾਦ ਕਰ ਦਿੰਦਾ ਹੈ।ਪਰ ਅੱਜ ਕੱਲ੍ਹ ਦੀ ਪੀੜ੍ਹੀ ਜੋ ਨਸ਼ਾ ਕਰ ਰਹੀ ਹੈ। ਉਹ ਨਸ਼ਾ ਸ਼ਰਾਬ ਦਾ ਹੈ ,ਜੋ ਸਿਰਫ ਉਨ੍ਹਾਂ ਨੂੰ ਬਰਬਾਦੀ ਵੱਲ ਲੈ ਕੇ ਜਾ ਸਕਦਾ ਹੈ।ਸਾਰੇ ਹੀ ਜਾਣਦੇ ਹਨ ਕਿ ਨਸ਼ਾ ਇਕ ਮਾੜ੍ਹੀ ਚੀਜ਼ ਹੈ। ਪਰ ਲੋਕ ਫਿਰ ਵੀ ਕਿਉਂ ਨਸ਼ਾ ਕਰਦੇ ਹਨ? ਹੈਰਾਨੀ ਤਾਂ ਉਸ ਸਮੇਂ ਸਭ ਤੋਂ ਵੱਧ ਹੁੰਦੀ ਹੈ ਜਦੋਂ ਇਹ ਪਤਾ ਲੱਗਦਾ ਹੈ ਕਿ ਨਸ਼ਾ ਸਭ ਤੋਂ ਵੱਧ ਉਹ ਲੋਕ ਕਰਦੇ ਹਨ ।ਜੋ ਕਿ ਪੜ੍ਹੇ ਲਿਖੇ ਤੇ ਚੰਗੇ ਘਰਾਂ ਤੋਂ ਸੰਬੰਧ ਰੱਖਦੇ ਹਨ। ਅਜਿਹਾ ਕਿਉਂ ਕੀ ਉਹਨਾਂ ਨੂੰ ਆਪਣੀ ਜ਼ਿੰਦਗੀ ਪਿਆਰੀ ਨਹੀਂ ਹੈ? ਕੀ ਕਾਰਨ ਹੈ ਜੋ ਲੋਕਾਂ ਨਸ਼ਿਆਂ ਵੱਲ ਜਾ ਰਹੇ ਹਨ ਦੱਸੋ? ਮੈਂ ਨਹੀਂ ਜਾਣਦੀ ਕਿ ਅਜਿਹਾ ਕਿਉਂ ਹੈ?

ਪਰ ਮੈ ਏਨਾ ਜ਼ਰੂਰ ਜਾਣਦੀ ਹਾਂ ,ਕਿ ਜੇ ਇਸ ਨਸ਼ੇ ਦੇ ਕਹਿਰ ਨੂੰ ਨਾ ਰੋਕਿਆ ਗਿਆ ਤਾਂ ਇਹ ਨਸ਼ਾ ਪੰਜਾਬ ਦੇ ਪਤਨ ਦਾ ਪਹਿਲਾ ਕਾਰਨ ਬਣੇਗਾ।ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਬੱਚੇ ਇੱਕ ਖੁਸ਼ਹਾਲ ਜ਼ਿੰਦਗੀ ਜਿਉਣ ਤਾਂ ਤੁਹਾਨੂੰ ਉਹਨਾਂ ਨੂੰ ਨਸ਼ਿਆਂ ਤੋਂ ਦੂਰ ਰੱਖੋ। ਕਦੇ ਇਹ ਨਾ ਸੋਚੋ ਕਿ ਨਸ਼ਾ ਤਾਂ ਗੁਆਂਢੀ ਦਾ ਮੁੰਡਾ ਕਰਦਾ ਹੈ ।ਸਾਨੂੰ ਉਸ ਤੋਂ ਕਿ ਮਤਲਬ ਪਰ ਇੱਕ ਗੱਲ ਹਮੇਸ਼ਾ ਯਾਦ ਰੱਖੋ ਕਿ ਜੇ ਨਸ਼ਾ ਗੁਆਂਢੀ ਦਾ ਮੁੰਡਾ ਕਰ ਸਕਦਾ ਹੈ ਤਾਂ ਤੁਹਾਡਾ ਕਿਉਂ ਨਹੀਂ ਕਰ ਸਕਦਾ। ਨਸ਼ਾ ਕਰਨ ਵਾਲਿਆਂ ਨੂੰ ਠੱਲ੍ਹ ਪਾਉ ਤੇ ਨਸ਼ਾ ਛਡਾਓ ਕੇਂਦਰ ਵਿਚ ਭੇਜਿਆ ਜਾਵੇ। ਇੱਕ ਗੱਲ ਅਸੀਂ ਮਿੱਥ ਕੇ ਚੱਲਣੀ ਹੈ।(ਨਾ ਨਸ਼ਾ ਕਰਾਂਗੇ ਨਾ ਹੀ ਕਰਨ ਦਿਆਂਗੇ)

ਮੰਜੂ ਰਾਇਕਾ

ਸਾਹਿਤ ਸਮਾਜ

ਪਤੀ ਪਤਨੀ ਅਤੇ ਉਹ

ਅੱਜ ਗੱਲ ਕਰਦੇ ਹਾਂ ਪਤੀ ਪਤਨੀ ਅਤੇ ਉਹ। 'ਉਹ' ਮਤਲਬ ਬੂਥਾਪੋਥੀ। ਅੱਜ ਬੂਥਾਪੋਥੀ ਤੇ ਇੱਕ ਪੋਸਟ ਪੜ੍ਹੀ ਕਿ ਪਤੀ ਨੂੰ ਆਪਣੀ ਪਤਨੀ ਦਾ ਇਹ੍ਹਨਾਂ ਚਾਰ ਮੌਕਿਆਂ ਤੇ ਪੂਰਾ ਸਾਥ ਦੇਣਾ ਚਾਹੀਦਾ ਹੈ। ਪਤਨੀ ਨੂੰ ਇਹ੍ਹਨਾਂ ਮੌਕਿਆਂ ਤੇ ਪਤੀ ਦੀ ਸਪੈਸ਼ਲ ਸੰਭਾਲ ਦੀ ਜਰੂਰਤ ਹੁੰਦੀ ਹੈ। ਫਬ ਵਾਲੀ ਇਹ ਪੋਸਟ ਹਿੰਦੀ ਵਿੱਚ ਸੀ ਅਤੇ ਸਮਝਾਉਣ ਦਾ ਤਰੀਕਾ ਵੀ ਅਲੱਗ ਜਿਹਾ ਸੀ। ਉਸ ਪੋਸਟ ਨੂੰ ਮੈਂ ਆਪਣੇ ਤਰੀਕੇ ਨਾਲ ਪੰਜਾਬੀ ਵਿੱਚ ਪੇਸ਼ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ। ਨੁਕਤੇ ਓਹੀ ਹਨ। ਪ੍ਰੰਤੂ ਸਮੇਂ ਦੇ ਲਿਹਾਜ਼ ਨਾਲ ਹਾਲਾਤ ਬਦਲ ਗਏ ਹਨ। ਓਦੋਂ ਸੰਯੁਕਤ ਪਰਿਵਾਰ ਹੁੰਦੇ ਸਨ। ਬਹੁਤੀਆਂ ਜ਼ਿੰਮੇਵਾਰੀਆਂ ਸੱਸਾਂ, ਨਨਾਣਾਂ ਅਤੇ ਭੂਆਂ/ਦਾਦੀ ਸੱਸਾਂ ਹੀ ਨਿਭਾਉਂਦੀਆਂ ਸਨ। ਇਸ ਲਈ ਇੱਥੇ ਸਾਡੇ ਵਰਗੇ ਸਿਕਸਟੀ ਪਲੱਸ ਦਾ ਤਜ਼ੁਰਬਾ ਕੋਈਂ ਕੰਮ ਨਹੀਂ ਆਉਂਦਾ। ਪਹਿਲਾਂ ਹਾਲਾਤ ਹੋਰ ਹੁੰਦੇ ਸਨ ਇਹ ਪੋਸਟ ਮੌਜੂਦਾ ਦੌਰ ਲਈ ਲਿਖੀ ਗਈ ਹੈ। ਇਹ ਸੱਚ ਹੈ ਕਿ ਔਰਤ ਆਪਣੇ ਪਤੀ ਨੂੰ ਰੂਹ ਨਾਲ ਪਿਆਰ ਕਰਦੀ ਹੈ ਤੇ ਪਤੀ ਜਿਸਮ ਨਾਲ। ਪਤਨੀ ਪਤੀ ਨਾਲ ਭਾਵਨਾਤਮਕ ਤੌਰ ਤੇ ਜੁੜੀ ਹੁੰਦੀ ਹੈ ਅਤੇ ਉਹ ਆਪਣੀਆਂ ਭਾਵਨਾਵਾਂ ਨੂੰ ਸਮਝਣ ਵਾਲੇ ਪਤੀ ਦੀ ਕਲਪਨਾ ਕਰਦੀ ਹੈ। ਇਸ ਲਈ ਉਹ ਪਤੀ ਤੋਂ ਉਚਿਤ ਕੇਅਰ ਤੇ ਤਵੱਜੋ ਦੀ ਉਮੀਦ ਰੱਖਦੀ ਹੈ।

ਪਤਨੀ ਨੂੰ ਪਤੀ ਦੀ ਸਭ ਤੋਂ ਜਿਆਦਾ ਜਰੂਰਤ ਜਣੇਪੇ ਵੇਲ਼ੇ ਹੁੰਦੀ ਹੈ। ਜਦੋਂ ਉਹ ਮਾਂ ਬਣਨ ਦੀ ਪ੍ਰੀਕਿਰਿਆ ਵਿੱਚ ਗੁਜ਼ਰ ਰਹੀ ਹੁੰਦੀ ਹੈ। ਕਿਉਂਕਿ ਇਹ ਔਰਤ ਦਾ ਦੂਜਾ ਜਨਮ ਹੁੰਦਾ ਹੈ। ਔਰਤ ਹਰ ਦਰਦ ਨੂੰ ਸਹਿੰਦੀ ਹੋਈ ਆਪਣੀਆਂ ਅਸਹਿ ਤਕਲੀਫ਼ਾਂ ਨੂੰ ਬਰਦਾਸ਼ਤ ਕਰਕੇ ਮਾਂ ਬਣਦੀ ਹੈ ਤੇ ਪਰਿਵਾਰ ਨੂੰ ਵਾਰਿਸ ਦਿੰਦੀ ਹੈ। ਇਸ ਦਰਦਨਾਕ ਵਰਤਾਰੇ ਦੌਰਾਨ ਜਦੋਂ ਉਹ ਆਪਣੀ ਆਪਣੀ ਜਨਣ ਕਿਰਿਆ ਨੂੰ ਅੰਜਾਮ ਦਿੰਦੀ ਹੈ ਤਾਂ ਉਹ ਪਤੀ ਨੂੰ ਆਪਣੀਆਂ ਅੱਖਾਂ ਦੇ ਸਾਹਮਣੇ ਦੇਖਣਾ ਚਾਹੁੰਦੀ ਹੈ। ਸਾਡੇ ਵੇਲਿਆਂ ਵਿੱਚ ਇਸ ਵਿਸ਼ੇ ਤੇ ਅਸੀਂ ਘਰੇ ਗੱਲ ਵੀ ਨਹੀਂ ਸੀ ਕਰ ਸਕਦੇ। ਕਿਉਂਕਿ ਇਹਨਾਂ ਹਾਲਾਤਾਂ ਦੀ ਸੰਪੂਰਨ ਜਿੰਮੇਵਾਰੀ ਤਜ਼ੁਰਬੇਕਾਰ ਮਾਂ ਅਤੇ ਸੱਸ ਕੋਲ਼ ਹੁੰਦੀ ਸੀ। ਉਹਨਾਂ ਦੇ ਹੁੰਦਿਆਂ ਪਤੀ ਪਰਮੇਸ਼ਵਰ ਬੇਫਿਕਰ ਹੁੰਦੇ ਸਨ। ਨਾਲੇ ਓਦੋਂ ਨਾਰਮਲ ਡਿਲੀਵਰੀ ਹੁੰਦੀ ਸੀ। ਜਿਸ ਵਿੱਚ ਜੋਖਿਮ ਤਕਲੀਫ ਬਹੁਤ ਜਿਆਦਾ ਹੁੰਦੀ ਸੀ। ਅੱਜ ਕੱਲ੍ਹ ਸਜੇਰੀਅਨ ਕਰਕੇ ਇਹ ਜੋਖਿਮ ਘਟਿਆ ਹੋਇਆ ਹੈ। ਉਂਜ ਵੀ ਅੱਜ ਕੱਲ੍ਹ ਦੀ ਜੈਨਰੇਸ਼ਨ ਪਹਿਲੀ ਪੀੜ੍ਹੀ ਤੇ ਵਿਸ਼ਵਾਸ ਨਹੀਂ ਕਰਦੀ ਅਤੇ ਪਹਿਲੇ ਦਿਨ ਤੋਂ ਹੀ ਡਾਕਟਰ ਦੀ ਨਿਗਰਾਨੀ ਹੇਠ ਸਭ ਕੁਝ

ਅੱਗੇ ਵੱਧਦਾ ਹੈ। ਬਹੁਤੇ ਵਾਰੀ ਅਪਰੇਸ਼ਨ ਸਮੇਂ ਪਤੀ ਕੋਲ਼ ਹੀ ਹੁੰਦਾ ਹੈ। ਕੁੱਲ ਮਿਲਾਕੇ ਇਹ ਅੱਜ ਦੇ ਨੌਜਵਾਨਾਂ ਦੇ ਕੰਮ ਦੀ ਗੱਲ ਹੈ ਕਿਉਂਕਿ ਮਾਵਾਂ ਤੇ ਸੱਸਾਂ ਨੂੰ ਉਹ ਪਹਿਲ਼ਾਂ ਹੀ ਦਰਕਿਨਾਰ ਕਰ ਚੁੱਕੇ ਹਨ। ਵੇਖਣ ਵਿੱਚ ਆਇਆ ਹੈ ਕਿ ਬੱਚਾ ਨੋ ਮਹੀਨੇ ਮਾ ਦੇ ਪੇਟ ਵਿੱਚ ਤੇ ਬਾਪ ਦੇ ਦਿਮਾਗ ਵਿੱਚ ਹੁੰਦਾ ਹੈ।

ਪੋਸਟ ਵਿੱਚ ਅੱਗੇ ਲਿਖਿਆ ਹੈ ਕਿ ਪਤੀ ਨੂੰ ਮਾਸਿਕ ਧਰਮ ਦੌਰਾਨ ਪਤਨੀ ਦਾ ਵਿਸ਼ੇਸ਼ ਖਿਆਲ ਰੱਖਣਾ ਚਾਹੀਦਾ ਹੈ। ਭਾਵੇਂ ਇਹ ਇੱਕ ਸਰੀਰਕ ਕਿਰਿਆ ਹੈ। ਇਸ ਦਾ ਪਵਿੱਤਰਤਾ ਅਪਵਿੱਤਰਤਾ ਅਤੇ ਧਰਮ ਨਾਲ ਕੋਈਂ ਸਬੰਧ ਨਹੀਂ। ਪ੍ਰੰਤੂ ਇਹ ਔਰਤ ਨੂੰ ਕਮਜ਼ੋਰੀ ਦਿੰਦਾ ਹੈ। ਉਹ ਇਹ੍ਹਨਾਂ ਦਿਨਾਂ ਵਿੱਚ ਜ਼ਿਆਦਾ ਥੱਕ ਜਾਂਦੀ ਹੈ ਉਸਨੂੰ ਸਹਾਰੇ ਦੀ ਜਰੂਰਤ ਹੁੰਦੀ ਹੈ। ਪਤਨੀ ਤੋਂ ਦੂਰੀ ਜਾਂ ਉਸਨੂੰ ਛੂਹਣ ਤੋਂ ਪਰਹੇਜ਼ ਕਰਨਾ ਇਹ ਅੱਧੀ ਸਦੀ ਪੁਰਾਣੀਆਂ ਗੱਲਾਂ ਹਨ। ਹੁਣ ਔਰਤਾਂ ਵੀ ਪਹਿਲ਼ਾਂ ਵਰਗੀਆਂ ਤਾਕਤਵਰ ਨਹੀਂ ਰਹੀਆਂ। ਉਹ ਵੀ ਬਰਗਰ ਨੂਡਲ ਖਾਕੇ ਨੂਡਲ ਵਰਗੀਆਂ ਨਰਮ ਬਣ ਗਈਆਂ ਹਨ। ਇਹ ਖੁਸ਼ੀ ਦੀ ਗੱਲ ਹੈ ਕਿ ਸਿੰਗਲ ਫੈਮਲੀ ਵਿੱਚ ਰਹਿੰਦੇ ਪਤੀ ਪਤਨੀ ਦਾ ਹੱਥ ਵਟਾਉਂਦੇ ਹਨ। ਹੁਣ ਉਹ ਰਸੋਈ ਚਲਾਉਣ ਤੇ ਬੱਚੇ ਤਿਆਰ ਕਰਨ ਵਿੱਚ ਸ਼ਰਮ ਨਹੀਂ ਮੰਨਦੇ। ਜੋਰੂ ਕਾ ਗੁਲਾਮ ਵਾਲੀ ਪ੍ਰਜਾਤੀ ਖਤਮ ਹੋ ਚੁੱਕੀ ਹੈ। ਹੁਣ ਐਡਜਸਟਮੈਂਟ ਦਾ ਜ਼ਮਾਨਾ ਹੈ। ਬਹੁਤੇ ਪਤੀ ਇਹ ਐਡਜਸਟਮੈਂਟ ਕਰਦੇ ਹਨ। ਦੋਹੇ ਜੀਅ ਕਮਾਊ ਹੋਣ ਕਰਕੇ ਇੱਕ ਦੂਜੇ ਨੂੰ ਸਮਝਦੇ ਹਨ।

ਲੇਖਕ ਇਹ ਵੀ ਲਿਖਦਾ ਹੈ ਕਿ ਜਦੋਂ ਪਤਨੀ ਦਾ ਕੋਈਂ ਕਰੀਬੀ, ਸਬੰਧੀ ਅਚਾਨਕ ਚਲਾ ਜਾਵੇ ਤਾਂ ਪਤੀ ਨੂੰ ਪਤਨੀ ਦਾ ਪੂਰਾ ਸਾਥ ਦੇਣਾ ਚਾਹੀਦਾ ਹੈ। ਉਸਦੇ ਦੁੱਖ ਵਿੱਚ ਸ਼ਾਮਿਲ ਹੋਣਾ ਚਾਹੀਦਾ ਹੈ। ਤਾਂਕਿ ਉਹ ਆਪਣੇ ਆਪ ਨੂੰ ਇਕੱਲੀ ਮਹਿਸੂਸ ਨਾ ਕਰੇ। ਉਸਦਾ ਦਰਦ ਗਮ ਵੰਡਾਉਣ ਵਾਲਾ ਉਸ ਕੋਲ਼ ਹੀ ਹੋਵੇ। ਇੱਥੇ ਫਿਰ ਗੱਲ ਸੰਯੁਕਤ ਪਰਿਵਾਰ ਦੇ ਅਣਹੋਂਦ ਦੀ ਆਉਂਦੀ ਹੈ। ਅਜਿਹੇ ਮੌਕਿਆਂ ਤੇਂ ਪਤਨੀ ਦੇ ਦੁੱਖ ਸਮੇਂ ਪਤੀ ਸਮੇਤ ਪੂਰਾ ਸਹੁਰਾ ਪਰਿਵਾਰ ਨਾਲ ਸ਼ਰੀਕ ਹੁੰਦਾ ਸੀ। ਪਤਨੀ ਨੂੰ ਇਕੱਲੀ ਪੇਕੇ ਨਹੀਂ ਸੀ ਭੇਜਿਆ ਜਾਂਦਾ। ਬਾਕੀ ਘਰ ਦੀਆਂ ਔਰਤਾਂ ਨਾਲ ਜਾਂਦੀਆਂ ਹਨ। ਅੱਜ ਕੱਲ੍ਹ ਇਹ ਇਕੱਲੇ ਪਤੀ ਦੀ ਜੁੰਮੇਦਾਰੀ ਰਹਿ ਗਈ ਹੈ। ਕਿਤੇ ਨਾ ਕਿਤੇ ਸੱਸ ਨਨਾਣ ਦੀ ਕਮੀ ਰੜਕਦੀ ਹੈ।

ਇਸ ਤੋਂ ਇਲਾਵਾ ਜਦੋਂ ਪਤਨੀ ਕਿਸੇ ਖਾਸ ਬੋਝ ਹੇਠ ਹੋਵੇ ਪਤੀ ਨੂੰ ਉਸਦਾ ਪੂਰਾ ਖਿਆਲ ਰੱਖਣਾ ਚਾਹੀਦਾ ਹੈ। ਉਸਦਾ ਸਾਥ ਦੇਣਾ ਚਾਹੀਦਾ ਹੈ। ਇਹ ਬੋਝ ਘਰੇਲੂ ਕੰਮ ਦਾ ਵੀ ਹੋ ਸਕਦਾ ਹੈ ਦਫ਼ਤਰੀ ਕੰਮ ਦਾ ਵੀ, ਸਰੀਰਕ ਬਿਮਾਰੀ ਦਾ ਜਾਂ ਪੇਕਿਆਂ ਦੀ ਕਿਸੇ ਤਕਲੀਫ ਦਾ। ਪਤੀ ਦਾ ਸਾਥ ਇਹ ਬੋਝ ਮਹਿਸੂਸ ਨਹੀਂ ਹੋਣ ਦਿੰਦਾ। ਉਸ ਨੂੰ ਵੰਡ ਲੈਂਦਾ ਹੈ।

ਭਾਵੇਂ ਲੇਖਕ ਨੇ ਇਹ੍ਹਨਾਂ ਚਾਰ ਹਾਲਾਤਾਂ ਦਾ ਹੀ ਜ਼ਿਕਰ ਕੀਤਾ ਹੈ ਪ੍ਰੰਤੂ ਇਸ ਵਿੱਚ ਮੈਂ ਪੰਜਵਾਂ ਸਮਾਂ ਵੀ ਜੋੜਦਾ ਹਾਂ। ਬੁਢਾਪੇ ਵਿੱਚ ਜਦੋਂ ਪਤਨੀ ਆਪਣੀਆਂ ਨੂੰਹਾਂ ਨਾਲ ਆਪਣੀ ਹੋਂਦ ਦੀ ਲੜਾਈ ਲੜ੍ਹ ਰਹੀ ਹੁੰਦੀ ਹੈ। ਬੁਢਾਪੇ ਅਤੇ ਸਰੀਰਕ ਕਮਜ਼ੋਰੀ ਕਾਰਨ ਉਹ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਤੋਂ ਅਸਫਲ ਹੁੰਦੀ ਹੈ। ਉਹ ਖੁਦ ਕੁਝ ਨਹੀਂ ਕਰ ਸਕਦੀ। ਆਮਦਨ ਅੱਧੀ ਹੋਣ ਕਰਕੇ ਮਾਲੀ ਰੂਪ ਵਿੱਚ ਨੂੰਹ ਪੁੱਤਾਂ ਦੀ ਮੁਥਾਜ ਹੁੰਦੀ ਹੈ। ਸਭ ਤੋਂ ਵੱਡੀ ਗੱਲ ਆਪਣਿਆਂ ਦੇ ਤਾਨੇ ਮੇਹਣੇ ਉਸਦਾ ਸੀਨਾ ਛਲਣੀ ਕਰ ਦਿੰਦੇ ਹਨ ਓਦੋਂ ਉਸਨੂੰ ਮਨ ਹੋਲਾ ਕਰਨ ਲਈ ਪਤੀ ਦੇ ਸਾਥ ਦੀ ਜ਼ਿਆਦਾ ਜਰੂਰਤ ਹੁੰਦੀ ਹੈ। ਪਤੀ ਨੂੰ ਉਸਦਾ ਦੁੱਖ ਸੁਣਕੇ ਉਸਦਾ ਦੁੱਖ ਵੰਡਾਉਣਾ ਚਾਹੀਦਾ ਹੈ। ਇੱਥੇ ਪਤੀ ਦਾ ਸਾਥ ਉਸ ਲਈ ਰਾਮ ਬਾਣ ਸਿੱਧ ਹੁੰਦਾ ਹੈ। ਬਸ਼ਰਤੇ ਪਤੀ ਚੌਵੀ ਘੰਟੇ ਮੇਰੇ ਵਾਂਗੂ ਫਬ ਨਾਲ ਚੁੰਬੜਿਆ ਰਹਿਣ ਵਾਲਾ ਨਾ ਹੋਵੇ।

ਉੰ ਗੱਲ ਆ ਇੱਕ।

ਰਮੇਸ਼ ਸੇਠੀ ਬਾਦਲ
9876627233

AMBEDKAR INTERNATIONAL MISSION, LONDON

Pays Homage To

THE GREAT DR BABASAHEB AMBEDKAR

On the occasion of his 134th Birth Anniversary

Sunday, 11th May, 2025 **From 2 pm (sharp) until 6 pm**

At Elmhurst School, Upton Park Road, London, E7 8JY

All are cordially invited along with family, friends and relatives
Speeches and poetry by distinguished guests

Sir Stephen Timms MP, Minister of State at the Department for Work and Pensions will be in attendance from 2 pm until 2:30 pm

CHIEF GUEST

Dr. B.P. Ashok (IPS Retd), PhD, D.Litt.

Dr. B.P. Ashok is a prominent public figure now retired from his professional role as an Indian Police Service Officer. He has delivered over 5,000 lectures on social, cultural,religious, political, and motivational issues worldwide, including at the London School of Economics, House of Commons (UK), the University of London, the National Police Academy in Hyderabad, the UP Academy of Administration, and leading Strategic Change course at the Royal Institute of Public Administration in London, as well as lectured at various other universities around the world. He is also the author of more than 30 books.

Transport and Parking

Nearest Underground: Upton Park, District, Hammersmith and City lines.

The venue is 10 minutes' walk from Upton Park Underground Station

Cultural Entertainment

Giani Tarsem Singh Virdee and Party
London (+91 9855 08290)
Tabla and Dhol Academy,

Dance performance:
Ms Tamalika and Ms Sonia

Free parking at Elmhurst Primary School

Lunch will be strictly served between 12 noon - 1:30 pm only

Contact: Tel. 07751-668926

ਬੰਗਾ ਵਿਖੇ ਬਸਪਾ ਦੀ ਲੀਡਰਸ਼ਿਪ ਨੇ ਫੂਲੇ ਫਿਲਮ ਦਿਖਾਈ

ਬੰਗਾ (ਚਰਨਜੀਤ ਸੱਲ੍ਹਾ) ਬੀ ਐਸ ਪੀ ਵਿਧਾਨ ਸਭਾ ਹਲਕਾ ਬੰਗਾ ਦੀ ਲੀਡਰਸ਼ਿਪ ਵਲੋਂ ਬਸਪਾ ਪੰਜਾਬ ਦੇ ਸੂਬਾਈ ਆਗੂ ਪ੍ਰਵੀਨ ਬੰਗਾ ਦੀ ਅਗਵਾਈ ਵਿੱਚ ਬੰਗਾ ਸ਼ਹਿਰ ਦੇ ਸੂਰਯ ਸਿਨੇਮਾ ਦੇ ਦੋਨਾਂ ਥਿਏਟਰਾਂ ਵਿੱਚ ਸਮਾਜਿਕ ਕਰਾਂਤੀ ਦੇ ਪਿਤਾਮਾ ਭਾਰਤ ਵਿੱਚ ਮਹਿਲਾਵਾਂ ਲਈ ਸਿਖਿਆ ਦੇ ਦਰਵਾਜ਼ੇ ਖੋਲਣ ਵਾਲੇ ਜੋਤੀਬਾ ਫੂਲੇ ਜੀ ਭਾਰਤ ਦੀ ਪਹਿਲੀ ਮਹਿਲਾ ਟੀਚਰ ਸਵਿਤਰੀ ਬਾਈ ਫੂਲੇ ਫੂਲੇ ਜੀ ਬੀਬੀ ਫਾਤਿਮਾ ਜੀ ਦੇ ਸੰਘਰਸ਼ ਤੇ ਬਣੀ ਫਿਲਮ ਫੂਲੇ ਦਿਖਾਈ ਗਈ ਫਿਲਮ ਦੇਖਣ ਲਈ ਬਹੁਤ ਜ਼ਿਆਦਾ ਉਤਸਾਹ ਨਾਲ ਬਹੁਤ ਵੱਡੀ ਗਿਣਤੀ ਵਿੱਚ ਬਹੁਜਨ ਸਮਾਜ ਦੇ ਨੋਜਵਾਨ ਤੇ ਮਹਿਲਾਵਾਂ ਪੁੱਜੀਆਂ ਇਸ ਮੋਕੇ ਪਰਵੀਨ ਬੰਗਾ ਤੋ ਇਲਾਵਾ ਬਸਪਾ ਆਗੂ ਮਨੋਹਰ ਕਮਾਮ ਵਿਜੇ ਕੁਮਾਰ ਗੁਣਾਚੌਰ ਜੈ ਪਾਲ ਸੁੰਡਾ ਜੀ , ਸੋਮ ਨਾਥ ਰਟੈਂਡਾ ਜੀ ਮਾਸਟਰ ਸਤਪਾਲ ਰਟੈਂਡਾ ਜੀ ਐਨ ਆਰ ਆਈ ਬਸਪਾ ਆਗੂ ਗੁਦਿਆਲ ਬੋਧ ਯੂਕੇ ਜਸਵੰਤ ਕਟਾਰੀਆ ਜੀ ਅਸੋਕ ਕੁਮਾਰ ਸਾਬਕਾ ਸਰਪੰਚ ਖੋਥੜਾਂ,ਵਿਜੇ ਕੁਮਾਰ ਮਜਾਰੀ ਜਿਲਾ ਮਹਿਲਾ ਆਗੂ ਰਵਿੰਦਰ ਮਹਿਮੀ, ਧਰਮ ਪਾਲ ਤਲਵੰਡੀ,ਹਰਜਿੰਦਰ ਲੱਦੜ ਸੋਨੂੰ, ਮੈਡਮ ਪਰਵਿੰਦਰ ਕੋਰ ਕੰਗਰੋੜ, ਜਿਲਾ ਯੂਥ ਇੰਚਾਰਜ ਕੁਲਦੀਪ ਬਹਿਰਾਮ, ਪਰਕਾਸ਼ ਫਰਾਲਾ, ਸਾਬਕਾ ਸਰਪੰਚ ਪਰਮਜੀਤ ਕੋਰ ਬਹਿਰਾਮ ਸਾਬਕਾ ਸਰਪੰਚ ਜਸਵਿੰਦਰ ਕੋਰ ਖੋਥੜਾਂ, ਸੋਹਣ ਲਾਲ ਰਟੈਂਡਾ, ਚਰਨਜੀਤ ਸਲਾਂ ਦੀਪਕ ਗਈ, ਜਸਪਾਲ ਉਚਾ ਤੀਰਥ ਕਲਸੀ, ਮਨਜੀਤ ਸੋਨੂੰ, ਤੋ ਇਲਾਵਾ ਵਿਸ਼ੇਸ਼ ਤੋਰ ਤੇ ਮਿਸ਼ਨਰੀ ਗਾਇਕ ਰਾਜ ਦਦਰਾਲ ਜੀ ਰਜਨੀ ਠੱਕਰਵਾਲ ਜੀ ਲੇਖਕ ਤੇ ਬੁਧੀਜੀਵੀ ਮਾਸਟਰ ਸਤਪਾਲ ਸਾਹਲੋ ਉਘੇ ਸਮਾਜਿਕ ਸੰਸਥਾਵਾਂ ਡਾ ਅੰਬੇਡਕਰ ਮਿਸ਼ਨ ਸੋਸਾਇਟੀ ਬੰਗਾ ਸਵਿਤਰੀ ਬਾਈ ਫੂਲੇ ਲਾਇਬ੍ਰੇਰੀ ਕਮੇਟੀ ਕੰਗਰੋੜ ਤੇ ਵੱਡੀ ਗਿਣਤੀ ਵਿੱਚ ਸਕੂਲ ਬਚੇ ਵੀ ਫਿਲਮ ਦੇਖਣ ਲਈ ਪੁੱਜੇ ਬਸਪਾ ਆਗੂ ਪ੍ਰਵੀਨ ਬੰਗਾ ਨੇ ਫੂਲੇ ਫਿਲਮ ਦੇਖਣ ਆਏ ਬੰਗਾ ਹਲਕੇ ਤੇ ਹੋਰ ਸਤਿਕਾਰਯੋਗ ਸਾਥੀਆਂ ਦਾ ਧੰਨਵਾਦ ਕੀਤਾ ਤੇ ਆਉਣ ਵਾਲੇ ਸਮੇਂ ਵਿੱਚ ਵੀ ਫਿਲਮ ਦਿਖਾਈ ਜਾਵੇਗੀ।

ਸਮਾਜ ਵੀਕਲੀ ਨਿਊਜ

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

@samajweekly

ਸਾਡੇ ਵਟਸਅੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ
ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ

ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ
ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ
ਲਈ ਅਤੇ ਵੈਬਸਾਈਟ ਤੇ
ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com